ਡਾਇਰੈਕਟੋਰੇਟ ਤਕਨੀਕੀ ਸਿਖਿਆ ਅਤੇ
ਉਦਯੋਗਿਕ ਸਿਖਲਾਈ, ਪੰਜਾਬ।
ਸੈਕਟਰ 36-ਏ, ਪਲਾਟ ਨੰ; 1-ਏ, ਚੰਡੀਗੜ੍ਹ।
website: www.dtepunjab.gov.in
Fax: 2614622, Phone: 2614031, 2615177,2614696,2623654,2626564

ਟ੍ਰੇਨਿੰਗ ਸ਼ਾਖਾ ਮੀਮੋ ਨੰ:ਆਈਟੀ/ਟ੍ਰੇ/2/ਦਾਖਲਾਪ੍ਰੋਸੀਜ਼ਰ/2009/2571-2870 ਮਿਤੀ:29-06-09

ਸੇਵਾ ਵਿਖੇ,

ਰਾਜ ਅਧੀਨ ਸਾਰੀਆਂ ਸਰਕਾਰੀ ਅਤੇ
ਸਾਰੀਆਂ ਗੈਰ ਸਰਕਾਰੀ ਸੰਸਥਾਵਾਂ ਦੇ ਮੁੱਖੀ।

ਵਿਸ਼ਾ:- ਕਰਾਫਟਸਮੈਨ ਸਕੀਮ / ਸੀ.ਓ.ਈ. ਸਕੀਮ / ਆਰਟ ਤੇ ਕਰਾਫਟ ਟੀਚਰ ਟ੍ਰੇਨਿੰਗ ਕੋਰਸ / ਕਟਾਈ ਸਿਲਾਈ ਤੇ ਕਢਾਈ ਟੀਚਰ ਟ੍ਰੇਨਿੰਗ ਕੋਰਸ / ਪੰਜਾਬੀ ਸਟੈਨੋਗ੍ਰਾਫੀ ਕੋਰਸ ਦੇ ਉਮੀਦਵਾਰਾਂ ਲਈ ਦਾਖਲਾ ਚੋਣ ਪ੍ਰਣਾਲੀ ਸੈਸ਼ਨ 2009 ਸਬੰਧੀ।

ਉਪਰੋਕਤ ਵਿਸੇ ਸਬੰਧੀ।

ਉਦਯੋਗਿਕ ਸਿਖਲਾਈ ਸੰਸਥਾਵਾਂ / ਕੇਂਦਰਾਂ ਵਿਚ ਸੈਸ਼ਨ 2009 ਦੌਰਾਨ ਦਾਖਲੇ ਸਬੰਧੀ ਨਿਰਧਾਰਤ ਕੀਤੀ ਗਈ ਚੋਣ ਪ੍ਰਣਾਲੀ ਇੰਨ-ਬਿੰਨ ਪਾਲਣਾ ਕਰਨ ਹਿਤ ਭੇਜੀ ਜਾਂਦੀ ਹੈ। ਸਿਖਿਆਰਥੀਆਂ ਦੀ ਚੋਣ ਅਤੇ ਦਾਖਲੇ ਸਬੰਧੀ ਸਾਰੀ ਕਾਰਵਾਈ, ਇਸ ਚੋਣ-ਪ੍ਰਣਾਲੀ ਅਨੁਸਾਰ ਕੀਤੀ ਜਾਵੇ। ਇਸ ਗੱਲ ਦਾ ਵੀ ਧਿਆਨ ਰੱਖਿਆ ਜਾਵੇ ਕਿ ਜੇ ਕੋਈ ਉਮੀਦਵਾਰ ਟ੍ਰੇਨਿੰਗ ਪ੍ਰਾਪਤ ਕਰ ਚੁੱਕਾ ਹੋਵੇ ਤਾਂ ਉਸ ਨੂੰ ਦੁਬਾਰਾ ਦਾਖਲਾ ਨਾ ਦਿੱਤਾ ਜਾਵੇ ਜੇਕਰ ਕੋਈ ਉਮੀਦਵਾਰ ਅਜਿਹੀ ਸੂਚਨਾ ਲੁਕਾ ਛੁਪਾ ਕੇ ਦਾਖਲਾ ਲੇ ਲੈਂਦਾ ਹੈ ਤਾਂ ਧਿਆਨ ਵਿਚ ਆਉਣ ਤੇ ਉਸ ਦਾ ਨਾਂ ਖਾਰਜ ਕਰ ਦਿੱਤਾ ਜਾਵੇ, ਇਹਨਾਂ ਹਦਾਇਤਾਂ ਦੀ ਪੂਰਨ ਪਾਲਣਾ ਕੀਤੀ ਜਾਵੇ। ਕਿਸੇ ਕਿਸਮ ਦੀ ਅਣਗਹਿਲੀ ਜਾਂ ਗਲਤੀ ਦਾ ਜਿੰਮੇਵਾਰ ਜਾਤੀ ਤੌਰ ਤੇ ਉਸ ਸੰਸਥਾ ਦਾ ਮੁੱਖੀ ਹੋਵੇਗਾ। ਦਾਖਲਾ ਚੋਣ ਕਮੇਟੀ ਦੇ ਮੈਂਬਰਾਂ ਨੂੰ ਇੰਟਰਵਿਊ ਵਿਚ ਸ਼ਾਮਲ ਹੋਣ ਲਈ ਸੱਦਾ ਪੱਤਰ ਆਪਣੇ ਪੱਧਰ ਤੇ ਜਾਰੀ ਕੀਤੇ ਜਾਣ।

ਦਾਖਲਾ ਸੈਸ਼ਨ 2009 ਵਿਚ ਜਿਹੜੇ ਉਮੀਦਵਾਰ ਦਾਖਲਾ ਫਾਰਮ ਲੈਣ ਜਾਂ ਜਮਾਂ ਕਰਵਾਉਣ ਆਉਂਦੇ ਹਨ, ਉਨਾਂ ਨੂੰ ਸਪਸ਼ਟ ਤੌਰ ਤੇ ਦੱਸ ਦਿੱਤਾ ਜਾਵੇ ਕਿ ਉਮੀਦਵਾਰ ਨੇ ਜਿਸ ਸ੍ਰੇਣੀ ਰਾਂਹੀਂ ਦਾਖਲਾ ਲੈਣਾ ਹੈ, ਉਸ ਦਾ ਸਮਰੱਥ ਅਧਿਕਾਰੀ ਵਲੋਂ ਜਾਰੀ ਪ੍ਰਮਾਣ ਪੱਤਰ ਸਬੂਤ ਦੇ ਤੌਰ ਤੇ ਪੇਸ਼ ਕਰੇ ਅਤੇ ਤਸਦੀਕਸ਼ੁਦਾ ਕਾਪੀਆਂ ਫਾਰਮ ਨਾਲ ਨੱਥੀ ਕਰੇ। ਜੇਕਰ ਉਮੀਦਵਾਰ ਵਲੋਂ ਅਜਿਹਾ ਨਹੀਂ ਜਾਂਦਾ ਤਾਂ ਉਸ ਦਾ ਨਾਮ ਜਨਰਲ ਕੈਟਾਗਰੀ ਦੇ ਉਮੀਦਵਾਰਾਂ ਨਾਲ ਹੀ ਵਿਚਾਰਿਆ ਜਾਵੇਗਾ।

ਕਟਾਈ ਤੇ ਸਿਲਾਈ ਤੇ ਕਢਾਈ ਟੀਚਰ ਟ੍ਰੇਨਿੰਗ ਕੋਰਸ ਨਾਲ ਸਬੰਧਤ ਟਰੇਡਾਂ ਵਿਚ ਜਿਵੇਂ ਕਿ ਕਟਾਈ ਤੇ ਸਿਲਾਈ, ਡਰੈਸ ਮੇਕਿੰਗ, ਹੇਅਰ ਐਂਡ ਸਕਿਨ ਕੇਅਰ, ਰੰਗਾਈ ਅਤੇ ਛਪਾਈ , ਕਢਾਈ ਤੇ ਨਿਡਲ ਵਰਕ ਅਤੇ ਫਰੂਟ ਐਂਡ ਵੈਜੀਟੇਬਲ ਟਰੇਡਾਂ ਵਿਚੋਂ ਜੇਕਰ ਕਿਸੇ ਸਿਖਿਆਰਥੀ ਨੇ ਇਕ ਟਰੇਡ ਟ੍ਰੇਨਿੰਗ ਪੂਰੀ ਕੀਤੀ ਹੋਵੇ ਤਾਂ ਉਹੀ ਸਿਖਿਆਰਥਣਾਂ ਉਪਰੋਕਤ ਦਰਸਾਈਆਂ ਟਰੇਡਾਂ ਵਿਚੋਂ ਦੂਜੇ ਸਾਲ ਲਈ ਦਾਖਲਾ ਲੈ ਸਕਦੀਆਂ ਹਨ।

ਆਮ ਜਾਣਕਾਰੀ ਹਿਤ ਹਦਾਇਤਾਂ ਹੇਠ ਅਨੁਸਾਰ ਹਨ:-

1. ਦਾਖਲੇ ਦਾ ਵਿਗਿਆਪਨ ਦੇਣ ਦੇ ਤੁਰੰਤ ਬਾਦ ਦਾਖਲਾ ਮੁਕੰਮਲ ਹੋਣ ਦੀਆਂ ਮਿਤੀਆਂ ਤੱਕ ਹਰ ਰੋਜ ਦਾਖਲੇ ਦੀ ਕਾਰਵਾਈ ਕਰਨ ਸਬੰਧੀ (ਸਮੇਤ ਗਜਟਿਡ ਛੁੱਟੀਆਂ, ਸ਼ਨੀਵਾਰ ਅਤੇ ਐਤਵਾਰ) ਦਫਤਰ ਖੁਲ੍ਹਾ ਰੱਖਿਆ ਜਾਵੇ ਅਤੇ ਪ੍ਰਾਸਪੈਕਟਸ ਦੀ ਵਿਕਰੀ ਜਾਰੀ ਰੱਖੀ ਜਾਵੇ ਤਾਂ ਜੋ ਵੱਧ ਤੋਂ ਵੱਧ ਦਾਖਲਾ ਕਰਨ ਹਿਤ ਉਮੀਦਾਵਰਾਂ ਨੂੰ ਉਤਸ਼ਾਹਿਤ ਕੀਤਾ ਜਾ ਸਕੇ।

2. ਸੰਸਥਾ ਦੇ ਮੁੱਖੀ ਵਲੋਂ ਇੰਟਰਵਿਊ ਸਬੰਧੀ ਚੋਣ ਕਮੇਟੀ ਦੇ ਬੈਠਣ ਲਈ ਫਰਨੀਚਰ, ਪੀਣ ਵਾਲਾ ਪਾਣੀ, ਉਮੀਦਵਾਰਾਂ ਨੂੰ ਅਨੁਸਾਸ਼ਨ ਰੱਖਣ ਅਤੇ ਕਿਸੇ ਵੀ ਤਰਾਂ ਦੀ ਅਨਾਊਸਮੈਂਟ ਕਰਨ ਲਈ ਲਾਊਡ ਸਪੀਕਰ ਆਦਿ ਦਾ ਪ੍ਰਬੰਧ ਆਪਣੇ ਪੱਧਰ ਤੇ ਕੀਤਾ ਜਾਵੇ।

3. ਸੰਸਥਾ ਦੇ ਮੁੱਖੀ ਇਕ-ਦੋ ਅਜਿਹੇ ਕਰਮਚਾਰੀਆਂ ਦਾ ਪ੍ਰਬੰਧ ਵੀ ਕਰਨ, ਜੋ ਇੰਟਰਵਿਊ ਲਈ ਆਉਣ ਵਾਲੇ ਸਾਰੇ ਉਮੀਦਵਾਰਾਂ ਨੂੰ ਇੰਟਰਵਿਊ ਸਲਿਪ ਜਾਰੀ ਕਰਨ। ਇੰਟਰਵਿਊ ਸਲਿਪ ਦਾ ਨਮੂਨਾ (**ਅਨੈਕਚਰ ੳ**) ਨਾਲ ਨੱਥੀ ਹੈ।

4. ਦਾਖਲਾ ਨੋਟਿਸ ਵਿੱਚ ਦਾਖਲੇ ਦੇ ਸਡਿਊਲ ਅਨੁਸਾਰ ਦਾਖਲਾ ਕੇਵਲ ਇੰਟਰਵਿਊ ਦੀ ਮਿਤੀ ਨੂੰ ਹੀ ਕੀਤਾ ਜਾਵੇ ਅਤੇ ਉਸ ਤੋਂ ਬਾਅਦ ਕੋਈ ਦਾਖਲਾ ਨਾ ਕੀਤਾ ਜਾਵੇ।

5. ਖਾਲੀ ਰਹਿ ਜਾਣ ਵਾਲੀਆਂ ਸੀਟਾਂ ਨੂੰ ਭਰਨ ਦੀ ਜੇਕਰ ਲੋੜ ਮਹਿਸੂਸ ਕੀਤੀ ਜਾਂਦੀ ਹੈ ਤਾਂ ਇਸ ਸਬੰਧੀ ਮੁੱਖ ਦਫਤਰ ਦੇ ਪੱਧਰ ਤੇ ਅਖ਼ਬਾਰਾਂ ਵਿੱਚ ਵਿਗਿਆਪਨ ਦਿੱਤਾ ਜਾਵੇਗਾ।

6. ਸਾਰੀਆਂ ਪ੍ਰਾਪਤ ਹੋਈਆਂ ਅਰਜ਼ੀਆਂ ਦੀ ਮੈਰਿਟ ਸੂਚੀਆਂ ਕੈਟਾਗਿਰੀ ਵਾਈਜ਼ ਵੱਖੋ-ਵੱਖਰੀਆਂ ਤਿਆਰ ਕੀਤੀਆਂ ਜਾਣ।

7. ਦਾਖਲਾ ਚੋਣ ਪ੍ਰਣਾਲੀ ਨੂੰ ਪ੍ਰਿੰਸੀਪਲ/ ਸੰਸਥਾ ਦੇ ਮੁੱਖੀ ਵਲੋਂ ਚੰਗੀ ਤਰ੍ਹਾਂ ਪੜ੍ਹਿਆ ਜਾਵੇ ਅਤੇ ਇਸ ਵਿਚ ਦਰਜ ਦਿਸ਼ਾ-ਨਿਰਦੇਸ਼/ ਹਦਾਇਤਾਂ ਅਨੁਸਾਰ ਹੀ ਕਾਰਵਾਈ ਕੀਤੀ ਜਾਵੇ, ਜੇਕਰ ਦਾਖਲੇ ਸਬੰਧੀ ਹਦਾਇਤਾਂ ਨੂੰ ਉਹਲੇ ਕਰਕੇ ਕੀਤੀ ਗਈ ਕਿਸੇ ਤਰ੍ਹਾਂ ਦੀ ਕੋਈ ਅਣਗਹਿਲੀ/ ਗਲਤੀ ਨੋਟਿਸ ਵਿੱਚ ਆਉਂਦੀ ਹੈ ਤਾਂ ਨਿੱਜੀ ਤੌਰ ਤੇ ਸੰਸਥਾ ਦੇ ਮੁੱਖੀ ਨੂੰ ਜਿੰਮੇਵਾਰ ਸਮਝਿਆ ਜਾਵੇਗਾ।

8. ਦਾਖਲਾ ਕੇਵਲ ਉਹਨਾਂ ਟਰੇਡਾਂ ਵਿਚ ਕੀਤਾ ਜਾਵੇ, ਜਿੰਨਾਂ ਬਾਰੇ ਆਪ ਦੀ ਸੰਸਥਾ ਨੂੰ ਰਾਜ ਸਰਕਾਰ/ ਭਾਰਤ ਸਰਕਾਰ ਵਲੋਂ ਐਫੀਲੇਸ਼ਨ ਪ੍ਰਾਪਤ ਹੋਈ ਹੈ।

9. ਮੈਰਿਟ ਲਿਸਟਾਂ ਤੇ, ਲਿਸ਼ਟਾਂ ਬਣਾਉਣ ਵਾਲੇ / ਚੈਕ ਕਰਨ ਵਾਲੇ ਕਰਮਚਾਰੀ ਅਤੇ ਪ੍ਰਿੰਸੀਪਲ ਵਲੋਂ ਹਰ ਲਿਸ਼ਟ ਤੇ ਹਸਤਾਖਰ ਕੀਤੇ ਜਾਣ।

10. ਚੁਣੇ ਗਏ ਉਮੀਦਵਾਰਾਂ ਦੇ ਅਸਲ ਸਰਟੀਫਿਕੇਟ ਇਕ ਮਹੀਨੇ ਲਈ ਸੰਸਥਾ ਵਿਚ ਹੀ ਰੱਖੇ ਜਾਣ ਅਤੇ ਪਹਿਲਾਂ ਜਾਰੀ ਕੀਤੀਆਂ ਹਦਾਇਤਾਂ ਅਨੁਸਾਰ ਕਾਰਵਾਈ ਕਰਕੇ ਹੀ ਵਾਪਿਸ ਕੀਤੇ ਜਾਣ।

11. ਚੁਣੇ ਹੋਏ ਸਿਖਿਆਰਥੀਆਂ ਦੀ ਸੂਚੀ ਦੇ ਨਾਲ ਖਾਲੀ ਰਹਿ ਗਈਆਂ ਸੀਟਾਂ ਬਾਰੇ ਟਰੇਡਾਂ ਦੀ ਕੈਟਾਗਰੀ ਵਾਇਜ਼ ਸੂਚੀ ਉਮੀਦਵਾਰਾਂ ਦੀ ਜਾਣਕਾਰੀ ਲਈ ਸੰਸਥਾ ਦੇ ਨੋਟਿਸ ਬੋਰਡ ਤੇ ਲਗਾਈ ਜਾਵੇ ਤਾਂ ਜੋ ਦਾਖਲਾ ਲੈਣ ਦੇ ਇੱਛੁਕ ਉਮੀਦਾਵਰ ਦਾਖਲਾ ਸਥਿਤੀ ਤੋਂ ਜਾਣੂ ਹੋ ਸਕਣ।

12. ਜਿੰਨੇ ਵੀ ਉਮੀਦਵਾਰਾਂ ਇੰਟਰਵਿਊ ਲਈ ਆਉਂਦੇ ਹਨ, ਉਨਾਂ ਸਾਰਿਆਂ ਦੀ ਹਾਜਰੀ ਸਵੇਰੇ 9:00 ਵਜੇ ਤੋਂ ਸਵੇਰੇ 11:00 ਵਜੇ ਤੱਕ ਹੀ ਲਗਾਈ ਜਾਵੇ। ਇਸ ਉਪਰੰਤ ਹਾਜਰੀ ਰਜਿਸ਼ਟਰ ਬੰਦ ਕਰਕੇ ਸੰਸਥਾ ਦੇ ਮੁੱਖੀ ਦੇ ਹਵਾਲੇ ਕਰ ਦਿੱਤਾ ਜਾਵੇ। ਜੇਕਰ ਉਮੀਦਵਾਰਾਂ ਦੀ ਗਿਣਤੀ ਜਿਆਦਾ ਹੋਵੇ ਤਾਂ ਲੋੜ ਅਨੁਸਾਰ ਇੱਕ ਤੋਂ ਵੱਧ ਵੀ ਹਾਜਰੀ ਰਜਿਸਟਰ ਲਗਾਏ ਜਾ ਸਕਦੇ ਹਨ। ਪੁਰਾਣੀ ਪ੍ਰਥਾ ਅਨੁਸਾਰ ਦਾਖਲਾ ਚੋਣ ਕਮੇਟੀ ਦੇ ਸਾਹਮਣੇ ਜਿਹੜੇ ਉਮੀਦਵਾਰ ਹਾਜਰ ਹੋਣ ਉਨਾਂ ਦੀ ਹਾਜਰੀ ਰਜਿਸ਼ਟਰ ਵਿਚ ਲਗਾਈ ਜਾਵੇ ਅਤੇ ਉਨ੍ਹਾਂ ਦੇ ਨਾਮ ਦੇ ਸਾਹਮਣੇ ਦਸਤਖਤ ਕਰਵਾਏ ਜਾਣ।

13. ਇਹ ਯਕੀਨੀ ਬਣਾਇਆ ਜਾਵੇ ਕਿ ਉਮੀਦਵਾਰ ਵਲੋਂ ਦਾਖਲਾ ਫਾਰਮ ਨਾਲ ਨੱਥੀ ਕੀਤੇ ਦਸਤਾਵੇਜ ਤਸਦੀਕ ਹੋਣ।

14. ਜਿਹਨਾਂ ਟਰੇਡਾਂ ਨਾਲ ਸਬੰਧਤ ਇੰਸਟਰਕਟਰ ਉਪਲਬੱਧ ਨਾ ਹੋਣ ਅਤੇ ਅਸਾਮੀ ਖਾਲੀ ਹੋਵੇ, ਉਹਨਾਂ ਟਰੇਡਾਂ ਵਿਚ ਦਾਖਲਾ ਨਾ ਕੀਤਾ ਜਾਵੇ। ਅਜਿਹੇ ਕੇਸਾਂ ਵਿਚ ਸੰਸਥਾ ਦਾ ਮੁੱਖੀ ਨਿੱਜੀ ਤੌਰ ਤੇ ਜਿੰਮੇਵਾਰ ਹੋਵੇਗਾ। ਇਸ ਤਰਾਂ ਹੀ ਜਿਸ ਟਰੇਡ ਦੀ 80% ਮਸ਼ੀਨਰੀ ਸੰਸਥਾ ਵਿਚ ਨਾ ਹੋਵੇ ਤਾਂ ਉਸ ਟਰੇਡ ਵਿਚ ਵੀ ਦਾਖਲਾ ਨਾ ਕੀਤਾ ਜਾਵੇ।

15. ਜਿੰਨਾਂ ਟਰੇਡਾਂ ਵਿਚ ਦਾਖਲਾ ਕੀਤਾ ਜਾਣਾ ਹੈ, ਉਨਾਂ ਦੀ ਸੂਚੀ ਮੋਟੇ ਅੱਖਰਾਂ ਵਿਚ ਨੋਟਿਸ ਬੋਰਡ ਤੇ ਲਗਾਈ ਜਾਵੇ।

16. ਸੀ.ਓ.ਈ / ਵੀ ਟੀ ਆਈ ਪੀ ਸਕੀਮ ਅਧੀਨ ਇਕ ਸਾਲ ਦੀ ਬੀ.ਬੀ.ਬੀ.ਟੀ. ਦੀ ਟ੍ਰੇਨਿੰਗ ਪੂਰੀ ਕਰ ਚੁੱਕੇ ਸਿਖਿਆਰਥੀਆਂ ਨੂੰ ਅਡਵਾਂਸ ਮਡਿਊਲਜ ਵਿੱਚ ਸਿੱਧੇ ਤੌਰ ਤੇ ਬਿਨਾਂ ਨਤੀਜੇ ਉਡੀਕੇ ਦਾਖਲ ਕੀਤਾ ਜਾਵੇ। ਇਹ ਦਾਖਲਾ ਸੰਸਥਾਵਾਂ ਦੇ ਮੁੱਖੀਆਂ ਵਲੋਂ ਆਪਣੀ ਪੱਧਰ ਤੇ ਕੀਤਾ ਜਾਵੇਗਾ। ਇਸ ਦਾ ਕੋਈ ਵਿਗਿਆਪਨ ਜਾਂ ਵਖਰੀਆਂ ਹਦਾਇਤਾਂ ਜਾਰੀ ਨਹੀਂ ਕੀਤੀਆਂ ਜਾਣਗੀਆਂ।

17. ਐਡਵਾਂਸ ਮਡਿਊਲ ਦੀਆਂ ਫੀਸਾਂ ਵਿਭਾਗ ਦੇ ਪੱਤਰ ਨੰ: Memo No. IT/CoE/IDT/SSC/427-457 Dated: 18-03-09 ਅਨੁਸਾਰ ਲਈਆਂ ਜਾਣੀਆਂ ਹਨ।

ਉਪਰੋਕਤ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਯਕੀਨੀ ਬਣਾਈ ਜਾਵੇ।

ਸਹਾਇਕ ਡਾਇਰੈਕਟਰ (ਟ੍ਰੇਨਿੰਗ)

ਪਿੱਠ ਅੰਕਣ ਨੰ: ਆਈਟੀ/ਟ੍ਰੇ/2/ਦਾਖਲਾਪ੍ਰੋਸੀਜ਼ਰ/2009/2871-92 ਮਿਤੀ:29-6-09

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਜਰੂਰੀ ਕਾਰਵਾਈ ਹਿਤ ਭੇਜਿਆ ਜਾਂਦਾ ਹੈ:-

1. ਪੀ.ਏ. ਟੂ ਮਾਨਯੋਗ ਡਾਇਰੈਕਟਰ ਤਕਨੀਕੀ ਸਿਖਿਆ ਅਤੇ ਉਦਯੋਗਿਕ ਸਿਖਲਾਈ ਵਿਭਾਗ, ਪੰਜਾਬ।
2. ਮੁੱਖ ਦਫਤਰ ਦੇ ਸਾਰੇ ਅਧਿਕਾਰੀ ਸਿਵਾਏ ਮਾਨਯੋਗ ਡਾਇਰੈਕਟਰ ਸਾਹਿਬ।
3. ਸਾਰੀਆਂ ਸ਼ਾਖਾਵਾਂ ਦੇ ਸੁਪਰਡੰਟ।
4. ਸਕੱਤਰ, ਪੰਜਾਬ ਰਾਜ ਤਕਨੀਕੀ ਸਿਖਿਆ ਅਤੇ ਉਦਯੋਗਿਕ ਸਿਖਲਾਈ ਬੋਰਡ, ਸੈਕਟਰ-36ਏ, ਚੰਡੀਗੜ੍ਹ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਸਾਰੀਆਂ ਸੰਸਥਾਵਾਂ ਵਲੋਂ ਪੰਜਾਬ ਇੰਡਸ਼ਟ੍ਰੀਅਲ ਟ੍ਰੇਨਿੰਗ ਸਪੋਰਟਸ ਐਸੋਸੀਏਨ (ਪਿਟਸਾ) ਦੀ 50/- ਰੁਪਏ ਪ੍ਰਤੀ ਸਿਖਿਆਰਥੀ ਸਪੋਰਟਸ, ਸੰਸਥਾ ਦੀ ਸਟਰੈਂਥ ਅਨੁਸਾਰ ਬਣਦੀ ਸਪੋਰਟਸ ਮੈਂਬਰਸ਼ਿਪ ਫੀਸ ਅਤੇ ਐਂਟਰੀ ਫੀਸ ਵੀ ਲਈ ਜਾਣੀ ਹੈ। ਇਸ ਸਬੰਧੀ ਜਮਾਂ ਕਰਵਾਈ ਫੀਸ ਦਾ ਸਬੂਤ ਲੈਣ ਉਪਰੰਤ ਹੀ ਸਿਖਿਆਰਥੀਆਂ ਦੀ ਰਜਿਸ਼ਟਰੇਸ਼ਨ ਕੀਤੀ ਜਾਵੇ।

ਸਹਾਇਕ ਡਾਇਰੈਕਟਰ (ਟ੍ਰੇਨਿੰਗ)

ਵਿਸ਼ਾ:- ਕਰਾਫਟਸਮੈਨ ਸਕੀਮ / ਸੀ.ਓ.ਈ. ਸਕੀਮ / ਆਰਟ ਤੇ ਕਰਾਫਟ ਟੀਚਰ ਟ੍ਰੇਨਿੰਗ ਕੋਰਸ / ਕਟਾਈ ਸਿਲਾਈ ਤੇ ਕਢਾਈ ਟੀਚਰ ਟ੍ਰੇਨਿੰਗ ਕੋਰਸ / ਪੰਜਾਬੀ ਸਟੈਨੋਗ੍ਰਾਫੀ ਕੋਰਸ ਦੇ ਉਮੀਦਵਾਰਾਂ ਲਈ ਦਾਖਲਾ ਚੋਣ ਪ੍ਰਣਾਲੀ ਬਾਬਤ ਸੈਸ਼ਨ 2009 ।

ਸੈਸ਼ਨ 2009 ਦੌਰਾਨ ਵੱਖ-ਵੱਖ ਟਰੇਡਾਂ ਵਿਚ ਦਾਖਲਾ ਲੈਣ ਵਾਲੇ ਉਮੀਦਵਾਰਾਂ ਦੀ ਚੋਣ ਹੇਠ ਦਰਜ ਕਮੇਟੀ ਵਲੋਂ ਨਿਰੋਲ ਮੈਰਿਟ ਦੇ ਆਧਾਰ ਤੇ ਕੀਤੀ ਜਾਵੇਗੀ।

1) ਇਹ ਦਾਖਲਾ ਹੇਠ ਦਰਸਾਈ ਦਾਖਲਾ ਚੋਣ ਕਮੇਟੀ ਵਲੋਂ ਕੀਤਾ ਜਾਵੇਗਾ:-

| | | |
|---|---|---|
| ੳ) | ਚੇਅਰਮੈਨ ਦਾਖਲਾ ਚੋਣ ਕਮੇਟੀ ਕਮ ਉਪ ਮੰਡਲ ਮੈਜਿਸਟਰੇਟ | ਚੇਅਰਮੈਨ |
| ਅ) | ਸੰਸਥਾ ਦਾ ਪ੍ਰਿੰਸੀਪਲ / ਮੁੱਖ ਅਧਿਆਪਕ (ਇ:) | ਮੈਂਬਰ ਸਕੱਤਰ |
| ੲ) | ਸੀਨੀਅਰ ਮੋਸ੍ਟ ਗਰੁੱਪ ਇੰਸਟਰਕਟਰ | ਮੈਂਬਰ |
| ਸ) | ਆਫਿਸ ਸੁਪਰਡੰਟ | ਮੈਂਬਰ |
| ਹ) | ਸਬੰਧਤ ਇੰਸਟੀਚਿਊਟ ਮੈਨੇਜਮੈਂਟ ਕਮੇਟੀ ਦਾ ਚੇਅਰਮੈਨ | ਮੈਂਬਰ |
| ਕ) | ਸਬੰਧਤ ਜਿਲਾ ਭਲਾਈ ਅਫਸਰ | ਮੈਂਬਰ |

ਉਮੀਦਵਾਰਾਂ ਦੀ ਮੈਰਿਟ ਤਿਆਰ ਕਰਨ ਅਤੇ ਦਾਖਲਾ ਚੋਣ ਸਬੰਧੀ ਹਦਾਇਤਾਂ ਹੇਠ ਲਿਖੇ ਅਨੁਸਾਰ ਹਨ :-

2) ਕਮੇਟੀ ਵਲੋਂ ਦਾਖਲਾ ਨਿਰੋਲ ਮੈਰਿਟ ਤੇ ਕੀਤਾ ਜਾਵੇਗਾ ਜੋ ਕਿ ਵਿਦਿਅਕ ਯੋਗਤਾ ਦੇ ਆਧਾਰ ਤੇ ਹਦਾਇਤਾਂ ਅਨੁਸਾਰ ਨਿਰਧਾਰਿਤ ਕੀਤੀ ਜਾਵੇਗੀ। ਉਮੀਦਵਾਰ ਕੇਵਲ ਨਿਰਧਾਰਤ ਫਾਰਮ ਸੰਸਥਾ ਵਿਚ ਪੇਸ਼ ਕਰੇਗਾ ਅਤੇ ਉਸ ਲਈ ਇਹ ਜਰੂਰੀ ਨਹੀਂ ਹੋਵੇਗਾ ਕਿ ਉਹ ਉਸ ਵਿਚ ਟਰੇਡ ਭਰੇ। ਇੰਟਰਵਿਊ ਸਮੇਂ ਉਮੀਦਵਾਰ ਵਲੋਂ ਜਦੋਂ ਕਮੇਟੀ ਸਾਹਮਣੇ ਪੇਸ਼ ਹੋਣ ਤੇ ਉਹ ਆਪਣੀ ਮਨ ਪਸੰਦ ਟਰੇਡ ਦੀ ਮੰਗ ਕਰੇਗਾ, ਜੇਕਰ ਉਸ ਵਲੋਂ ਮੰਗੀ ਟਰੇਡ ਵਿਚ ਸੀਟ ਖਾਲੀ ਹੋਵੇਗੀ ਤਾਂ ਮੈਰਿਟ ਦੇ ਆਧਾਰ ਤੇ ਉਸ ਨੂੰ ਦਾਖਲਾ ਦਿੱਤਾ ਜਾ ਸਕੇਗਾ। ਜੇਕਰ ਮੰਗੀ ਟਰੇਡ ਵਿਚ ਸੀਟ ਖਾਲੀ ਨਹੀਂ ਹੋਈ ਤਾਂ ਉਮੀਦਵਾਰ ਨੂੰ ਉਥੇ ਹੀ ਦੱਸ ਦਿੱਤਾ ਜਾਵੇਗਾ ਕਿ ਉਸ ਟਰੇਡ ਲਈ ਸੀਟ ਖਾਲੀ ਨਹੀਂ ਅਤੇ ਜੇਕਰ ਉਹ ਚਾਹੇ ਤਾਂ ਕਿਸੇ ਹੋਰ ਟਰੇਡ ਵਿਚ ਦਾਖਲਾ ਲੈ ਸਕਦਾ ਹੈ। ਜਿਸ ਦਾ ਫੈਸਲਾ ਕਮੇਟੀ ਵਲੋਂ ਮੈਰਿਟ ਦੇ ਆਧਾਰ ਤੇ ਕੀਤਾ ਜਾਵੇਗਾ।

3) ਜਿਸ ਸਬ ਡਵੀਜਨ ਵਿਚ ਇਕ ਤੋਂ ਜਿਆਦਾ ਸੰਸਥਾਵਾਂ ਆਉਂਦੀਆਂ ਹਨ, ਉਹਨਾਂ ਸਾਰੀਆਂ ਸੰਸਥਾਵਾਂ ਦਾ ਦਾਖਲਾ ਇਕ ਸੰਸਥਾ ਵਿਚ ਹੋਵੇਗਾ।

**ਸਬੰਧਤ ਐਸ.ਡੀ.ਐਮ. ਅਤੇ ਸਬੰਧਤ ਜਿਲਾ ਭਲਾਈ ਅਫਸਰ ਨਾਲ ਸੰਪਰਕ ਕਰਕੇ ਇਸ ਗੱਲ ਨੂੰ ਯਕੀਨੀ ਬਣਾਇਆ ਜਾਵੇ ਕਿ ਸਬੰਧਤ ਐਸ.ਡੀ.ਐਮ. ਅਤੇ ਜਿਲਾ ਭਲਾਈ ਅਫਸਰ ਨਿਸ਼ਚਿਤ ਕੀਤੀਆਂ ਗਈਆਂ ਮਿਤੀਆਂ ਨੂੰ ਨਿੱਜੀ ਤੌਰ ਤੇ ਮੀਟਿੰਗ ਵਿਚ ਹਾਜਰ ਹੋਣ। ਉਹਨਾਂ ਨੂੰ ਇਹ ਵੀ ਸੂਚਿਤ ਕੀਤਾ ਜਾਵੇ ਕਿ ਉਹ ਆਪਣਾ ਨੁਮਾਇੰਦਾ ਇਸ ਕਮੇਟੀ ਵਿਚ ਨਹੀਂ ਭੇਜ ਸਕਣਗੇ ਅਤੇ ਇੰਟਰਵਿਊ ਉਹਨਾਂ ਦੀ ਹੀ ਦੇਖ-ਰੇਖ/ ਪ੍ਰਧਾਨਗੀ ਹੇਠ ਹੋਵੇਗੀ।**

ਦਾਖਲਾ ਚੋਣ ਕਮੇਟੀ ਕੇਵਲ ਇੰਟਰਵਿਊ ਸਮੇਂ ਉਮੀਦਵਾਰਾਂ ਦੇ ਸਰਟੀਫਿਕੇਟ ਵੇਖੇਗੀ ਅਤੇ ਕਮੇਟੀ ਕੋਲ ਮੈਰਿਟ ਨੂੰ, ਅੱਖੋਂ ਉਹਲੇ ਕਰਨ ਦਾ ਕੋਈ ਅਧਿਕਾਰ ਨਹੀ਼ ਹੋਵੇਗਾ।

ਸਾਰੀਆਂ ਟਰੇਡਾਂ ਦੀਆਂ ਮੈਰਿਟ ਲਿਸ਼ਟਾਂ ਅਤੇ ਸਿਲੈਕਸ਼ਨ ਲਿਸ਼ਟਾਂ ਤੇ ਦਾਖਲਾ ਚੋਣ ਕਮੇਟੀ ਦੇ ਚੇਅਰਮੈਨ ਅਤੇ ਮੈਂਬਰਾਂ ਅਤੇ ਜਿਲ੍ਹਾ ਭਲਾਈ ਅਫਸਰ ਦੇ ਹਸਤਾਖਰ ਹੋਣੇ **ਅਤਿ-ਜਰੂਰੀ** ਹਨ। ਅਜਿਹਾ ਨਾ ਹੋਣ ਦੀ ਸੂਰਤ ਵਿਚ ਵਿਭਾਗ ਵਲੋਂ ਸਬੰਧਤ ਸੰਸਥਾ / ਕੇਂਦਰ ਦੀ ਰਜਿਸ਼ਟਰੇਸ਼ਨ ਨਾ ਕਰਨ ਲਈ ਤਕਨੀਕੀ ਸਿਖਿਆ ਅਤੇ ਉਦਯੋਗਿਕ ਸਿਖਲਾਈ ਬੋਰਡ ਨੂੰ ਸੂਚਿਤ ਕਰ ਦਿੱਤਾ ਜਾਵੇਗਾ।

4) ਜੇਕਰ ਕੁਝ ਉਮੀਦਵਾਰ ਦੇ ਨੰਬਰ ਮੈਰਿਟ ਵਿਚ ਬਰਾਬਰ ਹੋਣ ਤਾਂ ਉਹਨਾਂ ਉਮੀਦਵਾਰਾਂ ਵਿਚੋਂ ਜਿਆਦਾ ਉਮਰ ਵਾਲੇ ਉਮੀਦਵਾਰਾਂ ਨੂੰ ਤਰਜੀਹ ਦਿੱਤੀ ਜਾਵੇਗੀ। ਜੇਕਰ ਉਮਰ ਵੀ ਬਰਾਬਰ ਹੋਵੇ ਤਾਂ ਟਰੇਡ ਲਈ ਲਾਜ਼ਮੀ ਵਿਸ਼ੇ / ਵਿਸ਼ਿਆਂ ਵਿਚ ਜਿਆਦਾ ਅੰਕ ਹਾਸਲ ਕਰਨ ਵਾਲੇ ਉਮੀਦਵਾਰ ਤਰਜੀਹ ਦਿੱਤੀ ਜਾਵੇ। ਇਸ ਗੱਲ ਦਾ ਖਾਸ ਧਿਆਨ ਰੱਖਿਆ ਜਾਵੇ ਕਿ ਉਮੀਦਵਾਰ ਸਬੰਧਤ ਟਰੇਡ ਲਈ ਲੋੜੀਂਦੀਆਂ ਸਾਰੀਆਂ ਯੋਗਤਾਵਾਂ / ਸ਼ਰਤਾਂ ਪੂਰੀ ਕਰਦਾ ਹੋਵੇ।

5) ਜਨਰਲ ਵਰਗ ਨੂੰ ਛੱਡ ਕੇ ਕਿਸੇ ਵਿਸ਼ੇਸ਼ ਵਰਗ ਨਾਲ ਸਬੰਧਤ ਉਮੀਦਵਾਰ ਦੀ ਸ਼੍ਰੇਣੀ ਅਨੁਸਾਰ ਲਿਸਟਾਂ ਤਿਆਰ ਕੀਤੀਆਂ ਜਾਣ ਅਤੇ ਬਣਦੀ ਪ੍ਰਤੀਸ਼ਤਤਾ ਅਨੁਸਾਰ ਦਾਖਲਾ ਚੋਣ ਕੀਤੀ ਜਾਵੇ। ਅਨੁਸੂਚਿਤ ਜਾਤੀ ਅਤੇ ਪਛੱੜੀ ਸ਼੍ਰੇਣੀ ਨਾਲ ਸਬੰਧਤ ਉਮੀਦਵਾਰਾਂ ਦੀ ਜਨਰਲ ਵਰਗ ਦੇ ਉਮੀਦਵਾਰਾਂ ਨਾਲ ਸੰਯੁਕਤ ਰੂਪ ਵਿਚ ਸੂਚੀ ਤਿਆਰ ਕੀਤੀ ਜਾਵੇ ਅਤੇ ਜਨਰਲ ਮੈਰਿਟ ਵਿਚ ਆਉਣ ਵਾਲੇ ਉਮੀਦਵਾਰਾਂ ਨੂੰ ਜਨਰਲ ਵਰਗ ਵਿਚੋਂ ਦਾਖਲਾ ਦੇਣ ਲਈ ਸਿਫਾਰਸ਼ ਕੀਤੀ ਜਾਵੇ।

6) ਰਿਜਰਵ ਸੀਟਾਂ ਤੋਂ ਵੱਧ ਦਾਖਲਾ ਰਿਜਰਵੇਸ਼ਨ ਦੇ ਆਧਾਰ ਤੇ ਨਾ ਕੀਤਾ ਜਾਵੇ ਅਤੇ ਸੁਪਰਨਿਉਮਰੀ ਸੀਟਾਂ ਨੂੰ ਰਿਜਰਵੇਸ਼ਨ ਦੇ ਆਧਾਰ ਤੇ ਨਾ ਭਰਿਆ ਜਾਵੇ।

7) ਸਾਰੀਆਂ ਸ਼੍ਰੇਣੀਆਂ ਦੀਆਂ ਤਿਆਰ ਕੀਤੀਆਂ ਗਈਆਂ ਮੈਰਿਟ ਲਿਸਟਾਂ ਇੰਟਰਵਿਉ ਲਈ ਮੁੱਖ ਦਫਤਰ ਵਲੋਂ ਸੂਚਿਤ ਪ੍ਰੋਗਰਾਮ ਅਨੁਸਾਰ ਸੰਸਥਾ ਦੇ ਨੋਟਿਸ ਬੋਰਡਾਂ ਦੇ ਉੱਤੇ ਲਗਾ ਦਿੱਤੀਆਂ ਜਾਣ।

## ਦਾਖਲੇ ਸਮੇਂ ਉਮੀਦਵਾਰਾਂ ਲਈ ਨੋਟਿਸ ਬੋਰਡ ਤੇ ਜਰੂਰੀ ਹਦਾਇਤਾਂ ਲਗਾਉਣ ਬਾਰੇ।

1 ਦਾਖਲੇ ਵਾਲੇ ਦਿਨ ਉਮੀਦਵਾਰਾਂ ਲਈ ਹਾਜਰੀ ਦਾ ਸਮਾਂ ਸਵੇਰੇ 9.00 ਵਜ਼ੇ ਤੋਂ ਸਵੇਰੇ 11.00 ਵਜੇ ਤੱਕ ਹੋਵੇਗਾ।

2 ਇੰਟਰਵਿਉ ਦਾ ਸਥਾਨ ਪ੍ਰਾਸਪੈਕਟਸ ਵਿਚ ਦਿੱਤਾ ਹੋਇਆ ਹੈ। ਵਿਭਾਗ ਨੂੰ ਇੰਟਰਵਿਉ ਦਾ ਸਥਾਨ ਲੋੜ ਅਨੁਸਾਰ ਤਬਦੀਲ ਕਰਨ ਦਾ ਪੂਰਾ ਅਧਿਕਾਰ ਹੋਵੇਗਾ।

3 ਦਾਖਲਾ ਫਾਰਮ ਦੇਣ ਉਪਰੰਤ, ਸਾਰੇ ਉਮੀਦਵਾਰ ਉਸ ਦੀ ਰਸੀਦ ਪ੍ਰਾਪਤ ਕਰਨਗੇ।

4 ਜੋ ਉਮੀਦਵਾਰ ਦਾਖਲਾ ਫਾਰਮ ਦੇਣ ਸਮੇਂ ਆਪਣੇ ਵਰਗ ਦਾ ਸਬੂਤ ਨਾਲ ਨੱਥੀ ਨਹੀਂ ਕਰੇਗਾ, ਉਸ ਨੂੰ ਜਨਰਲ ਵਰਗ ਵਿਚ ਵਿਚਾਰਿਆ ਜਾਵੇਗਾ।

5 ਜੇਕਰ ਕਿਸੇ ਉਮੀਦਵਾਰ ਦਾ ਨਾਮ ਤਿਆਰ ਕੀਤੀ ਗਈ ਮੈਰਿਟ ਸੂਚੀ ਵਿਚ ਨਹੀਂ ਆਉਂਦਾ ਤਾਂ ਉਹ ਦਾਖਲਾ ਇੰਟਰਵਿਉ ਦੀ ਮਿਤੀ ਤੋਂ ਪਹਿਲਾਂ-ਪਹਿਲਾਂ ਸੰਸਥਾ ਦੇ ਮੁੱਖੀ ਨਾਲ ਸਿੱਧਾ ਸੰਪਰਕ ਕਰ ਸਕਦਾ ਹੈ।

6 ਇੰਟਰਵਿਉ ਲਈ ਕੋਈ ਵੱਖਰਾ ਸੱਦਾ-ਪੱਤਰ ਨਹੀਂ ਭੇਜਿਆ ਜਾਵੇਗਾ।

7 ਦਾਖਲਾ ਚੋਣ ਕਮੇਟੀ ਆਪਣੇ ਨਾਲ ਇਕ ਕਰਮਚਾਰੀ ਨੂੰ ਵੀ ਬਿਠਾਏਗੀ, ਜਿਸ ਵਲੋਂ ਰਜਿਸਟਰ ਵਿਚ ਉਮੀਦਵਾਰਾਂ ਦੇ ਹਾਜਰੀ ਵਜੋਂ ਹਸਤਾਖਰ ਕਰਵਾਏ ਜਾਣਗੇ। ਇਹ ਕਰਮਚਾਰੀ ਕਮੇਟੀ ਦੇ ਨਾਲ ਦਫਤਰ ਵਿਚ ਬੈਠੇਗਾ, ਤਾਂ ਜੋ ਕਿਸੇ ਉਮੀਦਵਾਰ ਵਲੋਂ ਹਾਜਰੀ ਲਗਾਉਣ ਉਪਰੰਤ ਇੰਟਰਵਿਉ ਦਿੱਤੇ ਬਗੈਰ ਚਲੇ ਜਾਣ ਦੀ ਸੰਭਾਵਨਾ ਨਾ ਰਹੇ। ਕੈਸ਼ੀਅਰ ਅਤੇ ਟ੍ਰੇਨਿੰਗ ਕਲਰਕ ਵੀ ਕਮੇਟੀ ਦੇ ਨਾਲ ਹੀ ਬੈਠਣਗੇ ਤਾਂ ਜੋ ਦਫਤਰੀ ਸੁਪਰਡੰਟ ਵਲੋਂ ਜਾਰੀ ਕੀਤੀ ਰੋਲ ਨੰਬਰ ਸਲਿੱਪ ਦੇ ਆਧਾਰ ਤੇ ਉਸ ਸਮੇਂ ਹੀ ਚੁਣੇ ਗਏ ਉਮੀਦਵਾਰਾਂ ਵਲੋਂ ਕਾਸ਼ਨ ਮਨੀ / ਫੀਸ ਆਦਿ ਜਮਾਂ ਕਰਵਾਈ ਜਾ ਸਕੇ। ਉਮੀਦਵਾਰ ਨੂੰ ਦਾਖਲਾ / ਰੋਲ ਨੰਬਰ ਸਲਿੱਪ ਕੇਵਲ ਦਫਤਰੀ

ਸੁਪਰਡੰਟ ਵਲੋਂ ਜਾਰੀ ਕੀਤੀ ਜਾਵੇ। ਜਿਥੇ ਸੁਪਰਡੰਟ ਦੀ ਅਸਾਮੀ ਨਹੀਂ ਹੈ, ਉਥੇ ਟ੍ਰੇਨਿੰਗ ਅਸੀਸਟੈਂਟ ਵਲੋਂ ਰੋਲ ਨੰਬਰ ਸਲਿੱਪ ਦਿੱਤੀ ਜਾਵੇ। ਦਫਤਰ ਵਲੋਂ ਰੋਲ ਨੰਬਰ ਸਲਿੱਪ / ਚੋਣ ਲਿਸ਼ਟ ਦੇ ਪ੍ਰੋਫਾਰਮੇ **ਅਨੈਕਚਰ (ੳ) ਅਤੇ (ਅ)** ਅਨੁਸਾਰ, ਲਿਆਂਦੇ ਜਾਣ ਅਤੇ ਚੁਣੇ ਹੋਏ ਉਮੀਦਵਾਰਾਂ ਦੀਆਂ ਲਿਸ਼ਟਾਂ ਟਰੇਡ ਵਾਇਜ਼ ਇੰਟਰਵਿਉ ਤੋਂ ਤੁਰੰਤ ਬਾਦ ਨੋਟਿਸ ਬੋਰਡ ਤੇ ਲਗਾ ਦਿੱਤੀਆਂ ਜਾਣ। ਜੇਕਰ ਕਿਸੇ ਉਮੀਦਵਾਰ ਨੂੰ ਕੀਤੀ ਗਈ ਚੋਣ ਤੇ ਇਤਰਾਜ ਹੋਵੇ ਤਾਂ ਉਸ ਵਲੋਂ ਲਿਖਤੀ ਰੂਪ ਵਿਚ ਚੇਅਰਮੈਨ ਦਾਖਲਾ ਚੋਣ ਕਮੇਟੀ ਨੂੰ ਸੂਚਿਤ ਕੀਤਾ ਜਾਵੇ ਅਤੇ ਉਸ ਦਾ ਨਿਪਟਾਰਾ ਕਰਕੇ ਫੈਸਲਾ ਉਸੇ ਦਿਨ ਹੀ ਨੋਟਿਸ ਬੋਰਡ ਤੇ ਲਗਾ ਦਿੱਤਾ ਜਾਵੇ।

8 ਚੁਣੇ ਗਏ ਉਮੀਦਵਾਰਾਂ ਦੇ ਅਸਲ ਸਰਟੀਫਿਕੇਟ ਇੰਟਰਵਿਉ ਸਮੇਂ ਹੀ ਦੇਖ ਲਏ ਜਾਣ। ਇੰਨਾਂ ਸਰਟੀਫਿਕੇਟਾਂ ਦੇ ਪਿਛਲੇ ਪਾਸੇ (ਉਮੀਦਵਾਰ ਨੂੰ ਜਿਸ ਟਰੇਡ ਵਿਚ ਦਾਖਲ ਕੀਤਾ ਗਿਆ ਹੈ) ਮੋਹਰ ਲਗਾ ਦਿੱਤੀ ਜਾਵੇ। ਜੇਕਰ ਸਰਟੀਫਿਕੇਟ ਲੈਮੀਨੇਟ ਕੀਤੇ ਹਨ ਤਾਂ ਉਨਾਂ ਨੂੰ ਇਕ ਕਿਨਾਰੇ ਤੋਂ ਪੰਚ ਕੀਤਾ ਜਾਵੇ।

9 ਜੇਕਰ ਕਿਸੇ ਟਰੇਡ ਲਈ ਰਿਜਰਵ ਕੈਟਾਗਰੀ ਦੇ ਉਮੀਦਵਾਰ ਉਪਲਬੱਧ ਨਾ ਹੋਣ ਕਾਰਨ ਸੀਟ ਖਾਲੀ ਰਹਿੰਦੀ ਹੈ ਤਾਂ ਉਹ ਜਨਰਲ ਕੈਟਾਗਰੀ ਦੇ ਉਮੀਦਵਾਰ ਦੁਆਰਾ ਹੀ ਭਰੀ ਜਾਵੇ। ਕਿਸੇ ਵੀ ਰਿਜਰਵ ਵਰਗ ਦੀ ਸੀਟ ਨੂੰ ਕਿਸੀ ਦੂਜੀ ਰਿਜਰਵ ਵਰਗ ਰਾਂਹੀਂ ਨਾ ਭਰਿਆ ਜਾਵੇ।

10 ਪੱਛੜੀ ਸ੍ਰੇਣੀ ਦੀ ਕੈਟਾਗਰੀ ਲਈ ਸਰਟੀਫਿਕੇਟ, ਸਮਰੱਥ ਅਧਿਕਾਰੀ ਵਲੋਂ ਜਾਰੀ ਕੀਤਾ ਹੋਵੇ। ਪੱਛੜੀਆਂ ਸ੍ਰੇਣੀਆਂ ਦਾ ਦਾਖਲਾ ਕੇਵਲ ਜਾਤੀ ਦੇ ਆਧਾਰ ਤੇ ਕੀਤਾ ਜਾਵੇ।

11 ਉਮੀਦਵਾਰਾਂ ਦੀ ਅਸਲੀ ਰਿਹਾਇਸ਼ ਸਬੰਧੀ, ਉਸ ਦੀ ਪੱਕੀ ਰਿਹਾਇਸ਼ ਅਤੇ ਵੇਰਵੇ ਸਬੰਧੀ, ਰਿਕਾਰਡ ਦੇ ਆਧਾਰ ਤੇ ਫੈਸਲਾ ਲਿਆ ਜਾਵੇ।

12 ਅਰਜੀਆਂ ਲੈਣ ਵਾਸਤੇ ਲੋੜ ਅਨੁਸਾਰ ਇਕ ਤੋਂ ਜਿਆਦਾ ਕਾਉਂਟਰ ਖੋਲੇ ਜਾਣ।

13 ਅਰਜੀਆਂ ਦੀ ਰਸੀਦ ਦੇਣ ਵੇਲੇ ਅਰਜੀ ਦੇ ਨਾਲ ਨੱਥੀ ਸਹਿ-ਪੱਤਰਾਂ ਦੇ ਵੇਰਵੇ ਅਨੁਸਾਰ ਸਹਿ ਪੱਤਰ ਚੈਕ ਕਰ ਲਏ ਜਾਣ।

14 ਦਾਖਲੇ ਦੀ ਅਰਜੀ ਤੇ ਦਰਸਾਈ ਚੈਕ ਲਿਸ਼ਟ ਦਫਤਰ ਵਲੋਂ ਭਰੀ ਜਾਵੇ।

15 ਦਾਖਲੇ ਨਾਲ ਸਬੰਧਤ ਹਰ ਰਜਿਸ਼ਟਰ (ਸਮੇਤ ਹਾਜਰੀ ਰਜਿਸ਼ਟਰ) ਦੇ ਪੰਨੇ ਪਹਿਲਾਂ ਮਾਰਕ ਕਰਕੇ ਪ੍ਰਿੰਸੀਪਲ ਵਲੋਂ ਤਸਦੀਕ ਕੀਤੇ ਜਾਣ।

16 ਅਰਜੀਆਂ ਮੁੱਖ ਪ੍ਰਾਪਤੀ ਰਜਿਸ਼ਟਰ ਤੋਂ ਬਾਦ, ਦਰਜ ਕਰਨ ਹਿਤ ਹਰ ਕੈਟਾਗਰੀ ਦੀਆਂ ਅਰਜੀਆਂ ਲਈ ਜਨਰਲ, ਅਨੁਸੂਚਿਤ ਜਾਤੀਆਂ/ ਕਬੀਲਿਆਂ ਲਈ ਵੱਖਰਾ ਰਜਿਸ਼ਟਰ ਲਗਾਇਆ ਜਾਵੇ।

17 ਪ੍ਰਾਸਪੈਕਟ ਦੀ ਮੇਲ ਦਾ ਰਿਕਾਰਡ ਰੱਖਿਆ ਜਾਵੇ ਜਿਸ ਤੇ ਖਰੀਦਣ ਵਾਲੇ, ਪ੍ਰਾਪਤ ਕਰਨ ਵਾਲੇ ਅਤੇ ਵੇਚਣ ਵਾਲੇ ਕਰਮਚਾਰੀ ਦੇ ਹਸਤਾਖਰ ਕੀਤੇ ਜਾਣ।

18 ਕੈਸ਼ੀਅਰ ਵਲੋਂ ਕਿਸੇ ਉਮੀਦਵਾਰ ਤੋਂ ਪ੍ਰਾਸਪੈਕਟ, ਡਾਕ ਰਾਂਹੀ ਭੇਜਣ ਲਈ ਬਿਨੈ-ਪੱਤਰ ਪ੍ਰਾਪਤ ਕਰਨ ਤੇ ਪ੍ਰਾਸਪੈਕਟਸ ਭੇਜਣ ਲਈ ਪ੍ਰਾਪਤ ਮਨੀਆਰਡਰ ਦਾ ਇੰਦਰਾਜ ਕੈਸ਼ ਬੁੱਕ ਵਿਚ ਕਰਕੇ ਉਸ ਦੀ ਲਿਖਤੀ ਜਾਣਕਾਰੀ ਰੋਜਾਨਾਂ ਹੀ ਟ੍ਰੇਨਿੰਗ ਸਹਾਇਕ ਨੂੰ ਰਸੀਦ ਲੈ ਕੇ (ਦੁਹਰੀ) ਪਰਤ ਦੇਣਗੇ, ਤਾਂ ਜੋ ਪ੍ਰਾਸਪੈਕਟਸ ਸਬੰਧਤ ਉਮੀਦਵਾਰ ਨੂੰ ਉਸੇ ਦਿਨ ਹੀ ਭੇਜਿਆ ਜਾ ਸਕੇ। ਫਾਰਮ ਹੇਠਾਂ ਦਿੱਤਾ ਜਾਂਦਾ ਹੈ:-

| ਲੜੀ ਨੰ: | ਕਿਸ ਮਿਤੀ ਨੂੰ ਮਨੀਆਰਡਰ ਮਿਲਿਆ | ਮਨੀਆਰਡਰ ਦੀ ਪਹੁੰਚ ਰਸੀਦ ਨੰਬਰ ਅਤੇ ਮਿਤੀ | ਭੇਜਣ ਵਾਲੇ ਦਾ ਨਾ ਅਤੇ ਪਤਾ | ਜਿੰਨੇ ਪੈਸੇ ਆਏ |
|---|---|---|---|---|

19 ਮੈਰਿਟ ਤਿਆਰ ਕਰਨ ਲਈ ਅਤੇ ਦਾਖਲੇ ਦੇ ਹੋਰ ਸਾਰੇ ਕੰਮ ਲਈ ਸਟਾਫ ਦੀਆਂ ਡਿਉਟੀਆਂ ਦਫਤਰੀ ਹੁਕਮ ਰਾਂਹੀਂ ਲਗਾਈਆਂ ਜਾਣ। ਪ੍ਰਤੀਸ਼ਤਤਾ ਦੀ ਦੂਹਰੀ ਚੈਕਿੰਗ ਕਰਵਾ ਲਈ ਜਾਵੇ।

20 ਸਬੰਧਤ ਪ੍ਰਿੰਸੀਪਲ ਵਲੋਂ ਸਾਰੀਆਂ ਮੈਰਿਟ ਲਿਸ਼ਟਾਂ ਖੁਦ ਚੈਕ ਕੀਤੀਆਂ ਜਾਣ ਅਤੇ ਜੇ ਕੋਈ ਗਲਤੀ ਹੋਵੇ ਤਾਂ ਪਹਿਲਾਂ ਹੀ ਦਰੁਸਤ ਕਰ ਲਈ ਜਾਵੇ।

21 ਦਾਖਲ ਹੋਏ ਸਾਰੇ ਉਮੀਦਵਾਰਾਂ ਦੇ ਦਾਖਲਾ ਫਾਰਮ ਵਿਚ (ਦਫਤਰੀ ਵਰਤੋਂ ਦੇ) ਸਬੰਧਤ ਕਾਲਮ ਠੀਕ ਭਰੇ ਜਾਣ ਅਤੇ ਸਬੰਧਤ ਕਰਮਚਾਰੀ ਸਮੇਤ ਪ੍ਰਿੰਸਪਲ ਵਲੋਂ ਹਸਤਾਖਰ ਕੀਤੇ ਜਾਣ।

22 ਸਾਰੇ ਅਬਜਰਵਰਾਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਉਨ੍ਹਾਂ ਅਧੀਨ ਵੱਖ-ਵੱਖ ਸੰਸਥਾ/ ਕੇਂਦਰ ਦੀ ਦਾਖਲੇ ਸਬੰਧੀ ਹੋਣ ਵਾਲੀ ਇੰਟਰਵਿਊ ਉਪਰੰਤ, ਹਰ ਸੰਸਥਾਵਾਂ/ ਕੇਂਦਰਾਂ ਦੀਆਂ ਮੈਰਿਟ ਲਿਸਟਾਂ ਅਤੇ ਸਿਲੈਕਸ਼ਨ ਲਿਸਟਾਂ ਤੇ ਦਾਖਲਾ ਚੋਣ ਕਮੇਟੀ, ਚੇਅਰਮੈਨ ਅਤੇ ਜਿਲਾ ਭਲਾਈ ਅਫਸਰ ਦੇ ਹਸਤਾਖਰ ਕਰਵਾ ਲਏ ਜਾਣ। ਇਸ ਦੇ ਨਾਲ ਹੀ ਦਾਖਲ ਕੀਤੇ ਜਾ ਰਹੇ ਉਮੀਦਵਾਰਾਂ ਦੀਆਂ ਕੁੱਲ ਭਰੀਆਂ ਸੀਟਾਂ (ਸ੍ਰੇਣੀ ਵਾਰ) ਅਤੇ ਖਾਲੀ ਰਹਿ ਗਈਆਂ ਸੀਟਾਂ (ਸ੍ਰੇਣੀ ਵਾਰ) ਦਾ ਵੇਰਵਾ ਟਰੇਡ ਵਾਈਜ਼ ਭੇਜਿਆ ਜਾਵੇ। ਇਹ ਲਿਸਟਾਂ ਦਾਖਲਾ ਮਿਤੀ ਤੋਂ ਤੁਰੰਤ ਅਗਲੇ ਕੰਮ ਵਾਲੇ ਦਿਨ ਕਿਸੇ ਕਰਮਚਾਰੀ ਰਾਹੀਂ ਦਸਤੀ ਤੌਰ ਤੇ ਸੁਪਰਡੰਟ (ਟ੍ਰੇਨਿੰਗ), ਮੁੱਖ ਦਫਤਰ ਨੂੰ ਹਰ ਹਾਲਤ ਵਿਚ ਭੇਜੀਆਂ ਜਾਣ। ਵੱਖ-ਵੱਖ ਸੰਸਥਾਵਾਂ / ਕੇਂਦਰਾਂ ਵਿਚ ਹੋਏ ਦਾਖਲੇ ਦੀਆਂ ਲਿਸਟਾਂ ਭੇਜਣ ਦੀ ਜਿੰਮੇਵਾਰੀ ਸਬੰਧਤ ਅਬਜਰਵਰ ਦੀ ਹੋਵੇਗੀ। ਅਜਿਹਾ ਨਾ ਕਰਨ ਦੀ ਸੂਰਤ ਵਿਚ ਸਬੰਧਤ ਅਬਜਰਵਰ ਵਿਰੁੱਧ ਨਿਯਮਾਂ ਅਨੁਸਾਰ ਕਾਰਵਾਈ ਕੀਤੀ ਜਾਵੇਗੀ। ਇਹ ਸੂਚਨਾ ਟ੍ਰੇਨਿੰਗ ਸ਼ਾਖਾ ਦੇ ਈ-ਮੇਲ ਆਈਡੀ **www.dit_trg.yahoo.in** ਤੇ ਵੀ ਭੇਜੀ ਜਾਵੇ।

23 ਦਾਖਲਾ ਕੇਵਲ ਨਿਰਧਾਰਤ ਮਿਤੀਆਂ ਨੂੰ ਹੀ ਕੀਤਾ ਜਾਵੇ ਅਤੇ ਇਸ ਉਪਰੰਤ ਦਾਖਲਾ ਰਜਿਸਟਰ ਸੰਸਥਾ ਦੇ ਮੁੱਖੀ ਦੇ ਹਸਤਾਖਰ ਕਰਵਾ ਕੇ ਬੰਦ ਕਰ ਦਿੱਤਾ ਜਾਵੇ।

24 ਸੈਸ਼ਨ 2009 ਵਿਚ ਉ:ਸਿ:ਸੰ: (ਲੜਕੇ) ਵਿਚ ਦਾਖਲ ਕੀਤੀਆਂ ਇਸਤਰੀਆਂ ਦੀ ਸੂਚੀ, ਟਰੇਡ ਵਾਈਜ਼ ਦਾਖਲਾ ਸੂਚੀ (**ਨੱਥੀ: ਕੈਟਾਗਰੀ ਵਾਇਜ਼ ਦਾਖਲਾ ਸੂਚਨਾ ਪ੍ਰੋਫਾਰਮਾ**) ਵਿਚ ਵੱਖਰੇ ਤੌਰ ਤੇ ਦਰਸਾਈ ਜਾਵੇ।

25 ਪ੍ਰਿੰਸੀਪਲ ਇਕ ਕਰਮਚਾਰੀ ਦੀ ਡਿਊਟੀ ਲਗਾਵੇਗਾ ਜੋ ਇੰਟਰਵਿਊ ਤੇ ਆਉਣ ਵਾਲੇ ਉਮੀਦਵਾਰਾਂ ਨੂੰ ਇੰਟਰਵਿਊ ਹਾਲ ਵਿਚ ਦਾਖਲ ਹੋਣ ਤੋਂ ਪਹਿਲਾਂ, ਇੰਟਰਵਿਊ ਲਈ ਹਾਜਰ ਹੋਏ ਉਮੀਦਵਾਰਾਂ ਦਾ ਹਾਜਰੀ ਰਜਿਸ਼ਟਰ ਚੈਕ ਕਰਕੇ ਸਬੰਧਤ ਉਮੀਦਵਾਰ ਨੂੰ ਸਲਿੱਪ ਦੇਵੇ। ਜਿਸਦਾ ਨਮੂਨਾ **ਅਨੈਕਚਰ (ੲ)** ਤੇ ਦਿੱਤਾ ਗਿਆ ਹੈ। ਚੋਣ ਕਮੇਟੀ ਕੇਵਲ ਇਸ ਸਲਿੱਪ ਦੇ ਆਧਾਰ ਤੇ ਹੀ ਇੰਟਰਵਿਊ ਲਈ ਜਾਵੇ। ਇਸ ਸਲਿੱਪ ਤੋਂ ਬਗੈਰ ਇੰਟਰਵਿਊ ਨਾ ਲਈ ਜਾਵੇ।

26 ਜਿਸ ਟਰੇਡ ਲਈ ਮੈਟ੍ਰਿਕ ਨਾਲ ਪੰਜਾਬੀ ਭਾਸ਼ਾ ਦਾ ਗਿਆਨ ਲਾਜ਼ਮੀ ਜਾਂ ਲਾਜ਼ਮੀ ਵਿਸ਼ਾ ਰੱਖਿਆ ਗਿਆ ਹੈ, ਜੇਕਰ ਉਮੀਦਵਾਰ ਵਲੋਂ ਇਹ ਯੋਗਤਾ ਮੈਟ੍ਰਿਕ ਪ੍ਰੀਖਿਆ ਦਾ ਬਜਾਏ ਉਸ ਤੋਂ ਉਚੇਰੀ ਕਲਾਸ ਪਾਸ ਕੀਤੀ ਹੋਵੇ, ਤਾਂ ਉਸ ਨੂੰ ਮੈਰਿਟ ਦੇ ਆਧਾਰ ਤੇ ਦਾਖਲਾ ਦੇਣ ਹਿੱਤ ਵਿਚਾਰਿਆ ਜਾਵੇ।

27 ਇਹ ਯਕੀਨੀ ਬਣਾਇਆ ਜਾਵੇ ਕਿ ਦਾਖਲਾ ਸ਼ਿਕਾਇਤ ਰਹਿਤ, ਨਿਰਪੱਖ, ਭੇਦ-ਭਾਵ ਰਹਿਤ ਅਤੇ ਨਿਰੋਲ ਮੈਰਿਟ ਦੇ ਆਧਾਰ ਤੇ ਕੀਤਾ ਜਾਵੇ।

| 28 | **ਰਾਖਵੀਆਂ ਸੀਟਾਂ** | | |
|---|---|---|---|
| 1. | ਤਕਨੀਕੀ ਸਿਖਿਆ ਅਤੇ ਉਦਯੋਗਿਕ ਸਿਖਲਾਈ ਵਿਭਾਗ, ਪੰਜਾਬ (ਤਕਨੀਕੀ ਸਿਖਿਆ ਸਾਖਾ-II) ਦੇ ਪੱਤਰ ਨੰ: ਮੀਮੋ ਨੰ: 13/02/05-1ਟੀ.ਈ-II/409,ਮਿਤੀ 20-02-2006 ਰਾਂਹੀ ਉਦਯੋਗਿਕ ਸਿਖਲਾਈ ਸੰਸਥਾਵਾਂ ਵਿਚ ਦਾਖਲੇ ਲਈ ਸੀਟਾਂ ਹੇਠ ਅਨੁਸਾਰ ਰਾਖਵੀਆਂ ਕੀਤੀਆਂ ਗਈਆਂ ਹਨ: | | |
| | Scheduled Castes/ Scheduled Tribes | | 25% |
| | Backward Classes | | 5% |
| | Border Areas / Backward Areas (2% each) | | 4% |
| | Sportspersons | | 2% |
| | Childern/ Grand Childern of Freedom Fighters. | | 1% |
| | Disabled persons:- | | 3% |
| | a. Blind | 1% | |
| | b. Deaf & dumb | 1% | |
| | c. Other handicapped. | 1% | |
| | (If suitable candidates are available in any one of these sub-categories, the seats so avaialble will be filled up by the candidates from the other sub categories of disabled candidates and If they are not available in any sub-category then seats shall be filled up from genral category candidates) | | |
| 2. | Children/ widows of defence personnel killed or disabled to the extent of 50% or more in action wards of galantry awardees, children of serving defence personnel / Ex-servicemen.<br>The priorty to this catogery is given as under.<br>a) Killed in action<br>b) Dissabled in action and boarded out of service<br>c) Died while in service & death attributable to miltory service<br>d) Disabled in service & boarded out of service with disability attributable to miltory service.<br>e) Gallantry award/ other award winners both serving / retired<br>f) Serving defence personnel / Ex-servicemen | | 2% |
| 3. | Children / widows of para-military forces personnel, Punjab Police, PAP and Punjab Homeguards killed or disabled in action to the extent of 50% or more and children of para-military forces personnel / ex-para-military forces personnel,wards of Punjab Policemen decorated with gallantry medals. | | 2% |
| 4. | November, 1984 riot affected displaced person, children of army deserters killed / 100% physically disabled, the children of the families of persons killed as a result of terrorist violence or by security forces acting in aid of civil authorities and the children of innocent civilians who have sustained 100% disability in terrorist violence or during operation by | | 2% |

| | | |
|---|---|---|
| | security forces acting in aid of civil authorities. | |
| 5. | The reservation for T-sunmi affected persons shall beavailable for chidern/grand chidern of original Ex-servicemen settlers of Campbell Bay Island only. | 1% |
| 6. | The aforesaid percentage reservation in respect of each category shall, however, be subject to the detailed clarifications and inter se gradation cirteria as decided in the meeting chaired by Chief Secretary to the Government of Punjab on 13" March, 2003, the minutes of which are appended. These minutes and the decisions recorded therein shall be treated as a part and parcel of this communication. | |
| 7. | Nothing in the aforesaid policy shall apply to the courses run by the three universities in the State, other than Punjab Technical University, Jalandhar, in respect of the courses offered by them in their campuses or thier regional centres. Admission to these courses shall be governed by the reservation policy framed by the respective University. | |
| 8. | These Policy Instructions shall be subject to the law laid down by the Hon'ble Supreme Court of India in the case of TMA Pai Foundation and others V/S State of Karnataka and others (2002) 8 SCC 481:AIR 2003 SC 355.) | |
| 9. | You are requested to implement the above reservation policy in all the Professional/Engineering Colleges/Polytichnic Institutions/Industrial Training Institutes and Technical Institutes in the State. | |
| | ਪੰਜਾਬ ਸਰਕਾਰ ਦੇ ਨੋਟੀਫਿਕੇਸ਼ਨ ਨੰ:2/12/2005-2-TE(1) 980 ਮਿਤੀ: 23-6-05 ਅਨੁਸਾਰ ਪੰਜਾਬ ਰਾਜ ਦੇ ਵਸਨੀਕਾਂ ਅਤੇ ਦੂਜੇ ਰਾਜਾਂ ਦੇ ਵਸਨੀਕਾਂ ਦੇ ਉਮੀਦਵਾਰਾਂ ਵਾਸਤੇ ਹੇਠ ਲਿਖੇ ਅਨੁਸਾਰ ਸੀਟਾਂ ਦਾ ਉਪਬੰਧ ਹੈ:<br>The selection procedure of Punjab State and other states candidates for the admission in the session 2005-06 and onwards for the courses being run in the institutions affiliated with the National/State Council for Vocational training shall be made on the basis of marks obtained in the class of minimum entry qualification for the admission as laid down below :-<br>1. 85% seats will be reserved for the candidates from the Punjab State and 15% will be open to candidates for other States. The eligibility Criteria for 85% seats will be, that the candidate must be a resident of Punjab State in terms of Punjab Government. Candidates must has passed qualifying examination required for admission in trade/course from the school situated with in the State.<br>In case, the residence certificate is found at any stage to be false or incorrect, the admission against Punjab quota shall be liable to be cancelled, without prejudice to any criminal proceedings that may be initiated. Furthermore, the fees or any other amount paid, including advance or security, shall be automatically treated as forfeited. | |

2. The above condition regarding a candidates being resident of Punjab shall not be applicable to the following categories of candidates:-

a. Children / wards and dependents of Punjab Government employees and employees of Boards / Corporations / Statutory Bodies / Companies / Co-operative Societies set up or owned or controlled by the Punjab Government, Including those established by or under an Act of the State of Punjab or a Central Act, by the Punjab Government, posted within or outside the state of Punjab.

b. Children / wards and dependents of members of All India Services borne on Punjab cadre, Irrespective of where the officer is posted. This shall also include children, wards and dependents of members of All India Services borne on cadres other than that of Punjab, provided the said officer is on deputation with Punjab Government or any of its Boards, corporations, statutory bodies, companies, co-operative Societies enumerated in sub-para (b) above, irrespective his place of posting.

c. Children / wards and dependents of the Central Government employees who have served for at least two years in connection with the affairs of the Punjab Government or any of its Boards / Corporations / Statutory Bodies / Companies / Co-operative Societies enumerated in sub-para (b) above out of 5 years proceeding the year of admission

d. Children / wards and dependents of those Punjab Government pensioners settled outside Punjab.

e. Children / wards and dependents of military / para-military forces personnel belonging to the State of Punjab as per record at the time of their entry in service (A certificate on prescribed Performa by the Commanding officers of the unit has to be furnished) and

f. Children / wards and dependents of the ex-employees of military / para military forces personnel belonging to the State of Punjab as per record at the time of their entry into service.

3. A candidate must have passed the Educational qualification from the recognized board / Punjab State Educational Board / CBSE / ISCSE.

4 The guideline issued for the grant of residence certificates / bonafide resident of Punjab by the Department of Personnel and Administrative Reforms (PP-2 Br.), vide NO. 1/3/95-3P-2/9619 dated 6th June 1996 and I.D. No. 1/2/96-3PP-2/8976, dated 7th June 1998 and No. 1/3/95-3PP-2/80, dated 1st January, 1999 and further instructions, issued by that Department, If any, will be adhered to in letter and spirit while making admission to the certificate courses running under NCVT / SCVT.

5. a. Admission against 15% of general category seats shall be available to the candidates for other states on the basis of the merit in the qualifying educational examination required for the admission, passed from the school other than the Punjab State.

b. Candidate must have a bonafide residence certificate issued by the Competent authority notified by the Competent authority of the State from which the candidate passed the qualifying examination for admission in the courses under NCVT / SCVT.

c. Seats remains unfilled after first & second counseling in the respective institutes against 85% seats for Punjab State & 15% seats for the other States, can be filled by the respective institutes from candidates who are eligible for the admission, by shifting seats from one category (seats reserved for general category of Punjab States) to other category (seats reserved for other State candidates) and vice verse.

d. Seats reserved for the all reserved category for the Punjab State candidates are to be filled from the total seats available for the admission in the trade / in the respective Institutes separately as per the reservation policy issued by the personnel department Govt. of Punjab from time to time.

29 ਜਿਸ ਰਜਿਸ਼ਟਰ ਵਿਚ ਉਮੀਦਵਾਰਾਂ ਦੀ ਹਾਜਰੀ ਲਗਾਈ ਜਾਂਦੀ ਹੈ, ਉਸ ਰਜਿਸ਼ਟਰ ਵਿਚ ਹਾਜਰ ਹੋਏ ਉਮੀਦਵਾਰਾਂ ਦੇ ਹਸਤਾਖਰ ਕਰਵਾਉਣ ਉਪਰੰਤ ਦਾਖਲਾ ਚੋਣ ਕਮੇਟੀ ਦੇ ਹਸਤਾਖਰ ਕਰਵਾ ਕੇ ਹਾਜਰੀ ਰਜਿਸ਼ਟਰ ਬੰਦ ਕੀਤਾ ਜਾਵੇ।

30 ਗੈਰ-ਸਰਕਾਰੀ ਕੇਂਦਰਾਂ ਦੇ ਮੁੱਖੀਆਂ ਨੰ ਹਦਾਇਤ ਕੀਤੀ ਜਾਂਦੀ ਹੈ ਕਿ ਦਾਖਲਾ ਹੋਣ ਉਪਰੰਤ ਟਰੇਡ ਵਾਇਜ਼ / ਕੈਟਾਗਰੀ ਵਾਇਜ਼ ਮੈਰਿਟ / ਸਿਲੈਕਸ਼ਨ ਲਿਸ਼ਟਾਂ ਚੇਅਰਮੈਨ ਦਾਖਲਾ ਚੋਣ ਕਮੇਟੀ ਵਲੋਂ ਦਸਤਖਤ ਕਰਵਾ ਕੇ ਤੁਰੰਤ ਸਬੰਧਤ ਇੰਟਰਵਿਉ ਕੇਂਦਰ ਦੇ ਅਬਜਰਵਰ ਨੂੰ ਦਿੱਤੀਆਂ ਜਾਣ। ਜੇਕਰ ਸਮੇਂ ਸਿਰ ਇਹ ਮੈਰਿਟ ਲ਼ਿਸਟਾਂ/ ਸਿਲੈਕਸ਼ਨ ਲਿਸ਼ਟਾਂ ਸਬੰਧਤ ਅਬਜਰਵਰ ਨੂੰ ਨਹੀਂ ਦਿੱਤੀਆਂ ਜਾਂਦੀਆਂ ਤਾਂ ਸਬੰਧਤ ਕੇਂਦਰ ਵਿਚ ਚਲ ਰਹੀਆਂ ਟਰਡੇਾਂ ਨੂੰ ਡਿਸ-ਐਫੀਲੇਟ ਕਰਨ ਬਾਰੇ ਕਾਰਵਾਈ ਕੀਤੀ ਜਾਵੇਗੀ।

31 **ਸੁਪਰਨਿਉਮਰੀ ਸੀਟਾਂ** D.G.E.&T, ਭਾਰਤ ਸਰਕਾਰ ਵਲੋਂ ਜਾਰੀ ਤਾਜਾ ਹਦਾਇਤਾਂ ਅਨੁਸਾਰ ਇੰਜਨੀਅਰਿੰਗ ਟਰੇਡਾਂ ਲਈ ਅਤੇ ਨਾਨ-ਇੰਜਨੀਅਰਿੰਗ ਟਰੇਡਾਂ ਲਈ 30% ਭਰੀਆਂ ਜਾਣ। ਸੁਪਰਨਿਉਮਰੀ ਸੀਟਾਂ ਕੇਵਲ ਉਨਾਂ ਟਰੇਡਾਂ ਵਿਚ ਹੀ ਭਰੀਆਂ ਜਾਣ, ਜ਼ਿੰਨ੍ਹਾਂ ਟਰੇਡਾਂ ਦਾ ਦਾਖਲਾ ਇਸ ਸੈਸ਼ਨ ਵਿਚ ਹੋਣਾ ਹੈ। ਸੁਪਰਨਿਉਮਰੀ ਸੀਟਾਂ ਤੇ ਦਾਖਲਾ ਕਰਨ ਤੇ ਕੋਈ ਵਾਧੂ ਇਨਸਟਰਕਟਰ ਨਹੀਂ ਦਿੱਤਾ ਜਾਵੇਗਾ। ਸੰਸਥਾ ਦੀ ਸੀਟਿੰਗ ਸਮਰਥਾ ਨੂੰ ਧਿਆਨ ਵਿਚ ਰਖਦੇ ਹੋਏ ਸੰਸਥਾ ਦੇ ਦਾਖਲੇ ਦੇ ਪਹਿਲੇ ਰਾਉਂਡ ਵਿਚ ਹੀ ਮੈਰਿਟ ਨੂੰ ਧਿਆਨ ਵਿਚ ਰੱਖਦੇ ਹੋਏ ਸੁਪਰਨਿਉਮਰੀ ਸੀਟਾਂ ਭਰ ਲਈਆਂ ਜਾਣ।

ਸੁਪਰਨਿਉਮਰੀ ਸੀਟਾਂ ਭਰਨ ਸਬੰਧੀ ਉਪਰੋਕਤ ਨਿੱਤੀ ਕਟਾਈ ਸਿਲਾਈ ਤੇ ਕਢਾਈ ਟੀਚਰਜ਼ ਟ੍ਰੇਨਿੰਗ ਕੋਰਸ ਅਤੇ ਆਰਟ ਤੇ ਕਰਾਫਟਸ ਟੀਚਰ ਟ੍ਰੇਨਿੰਗ ਕੋਰਸ ਤੇ ਲਾਗੂ ਨਹੀਂ ਹੋਵੇਗੀ। ਇਸ ਤਰਾਂ ਜਿਨ੍ਹਾਂ ਕੈਟਾਗਰੀ ਦੀਆਂ ਸੀਟਾਂ ਦੀ ਰਿਜਰਵੇਸ਼ਨ 5% ਤੋਂ ਘੱਟ ਹੈ, ਉਨ੍ਹਾਂ ਕੈਟਾਗਰੀਜ਼ ਵਿਚ ਮੈਰਿਟ ਦੇ ਆਧਾਰ ਤੇ ਦਾਖਲਾ ਕੀਤਾ ਜਾਵੇ।

32 D.G.E.& T, ਭਾਰਤ ਸਰਕਾਰ ਵਲੋਂ ਪ੍ਰਾਪਤ ਹਦਾਇਤਾਂ ਅਨੁਸਾਰ ਰਾਜ ਦੀਆਂ ਸੰਸਥਾਵਾਂ ਵਿਚ ਦਾਖਲਾ ਕਰਨ ਸਮੇਂ ਕੁਲ ਸੀਟਾਂ ਵਿਚੋਂ ਵਰਗ ਦੇ ਆਧਾਰ ਤੇ 30% ਸੀਟਾਂ ਇਸਤਰੀ ਉਮੀਦਵਾਰਾਂ ਵਿਚੋਂ ਭਰੀਆਂ ਜਾਣ।

33 ਸਾਰੇ ਸਰਕਾਰੀ ਅਤੇ ਗੈਰ-ਸਰਕਾਰੀ ਸੰਸਥਾਵਾਂ ਦੇ ਮੁੱਖੀਆਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਜਿਹੜੀਆਂ ਟਰੇਡਾਂ ਅੰਤਿਮ ਟਰੇਡ ਪ੍ਰੀਖਿਆ (F.T.T.) ਤੱਕ ਐਫਲੇਟਿਡ ਨਹੀਂ ਹੁੰਦੀਆਂ, ਉਨ੍ਹਾਂ ਸਬੰਧੀ ਕੰਟਰੋਲਰ (ਪ੍ਰੀਖਿਆਵਾਂ), ਪੰਜਾਬ ਸਟੇਟ ਬੋਰਡ ਤਕਨੀਕੀ ਸਿਖਿਆ ਅਤੇ ਉਦਯੋਗਿਕ ਸਿਖਲਾਈ, ਚੰਡੀਗੜ੍ਹ ਨੂੰ ਸੂਚਿਤ ਕੀਤਾ ਜਾਵੇ ਤਾਂ ਜੋ ਉਸ ਅਨੁਸਾਰ ਸਟੇਟ ਪੱਧਰ ਦੀ ਪ੍ਰੀਖਿਆ ਸਬੰਧੀ ਕਾਰਵਾਈ ਕੀਤੀ ਜਾ ਸਕੇ। NCVT ਵਲੋਂ ਗੈਰ-ਮਾਨਤਾ ਪ੍ਰਾਪਤ ਟਰੇਡਾਂ ਬਾਰੇ ਦਾਖਲ ਹੋਣ ਵਾਲੇ ਉਮੀਦਵਾਰਾਂ ਨੂੰ ਸੂਚਿਤ ਕੀਤਾ ਜਾਵੇ ਕਿ ਜੇਕਰ ਟਰੇਡ F.T.T. ਤੱਕ NCVT ਵਲੋਂ ਐਫੀਲੇਟਿਡ ਨਾ ਕੀਤੀ ਗਈ ਤਾਂ ਉਹਨਾਂ ਦੀ ਪ੍ਰੀਖਿਆ ਰਾਜ ਪੱਧਰ ਦੀ ਹੋਵੇਗੀ ਅਤੇ ਉਨਾਂ ਨੂੰ ਰਾਜ ਪੱਧਰ ਦਾ ਹੀ ਪ੍ਰਮਾਣ-ਪੱਤਰ ਜਾਰੀ ਕੀਤਾ ਜਾਵੇਗਾ। ਇਸ ਸਬੰਧੀ ਉਮੀਦਵਾਰਾਂ ਤੋਂ ਲਿਖਤੀ ਤੌਰ ਤੇ ਸਹਿਮਤੀ ਲੈ ਲਈ ਜਾਵੇ ਤਾਂ ਜੋ ਬਾਦ ਵਿਚ ਕੋਈ ਕਾਨੂੰਨੀ ਅੜਚਨ ਨਾ ਆਵੇ। ਉਪਰੋਕਤ ਹਦਾਇਤਾਂ ਦੀ ਪਾਲਣਾ ਸਬੰਧੀ ਸਬੰਧਤ ਸੰਸਥਾ ਦੇ ਮੁਖੀ ਨਿੱਜੀ ਪੱਧਰ ਤੇ ਜਿੰਮੇਵਾਰ ਹੋਣਗੇ।

34 ਜਿਹੜੀਆਂ ਟਰੇਡਾਂ ਰਾਜ ਸਰਕਾਰ ਦੀ ਪ੍ਰਵਾਨਗੀ ਅਨੁਸਾਰ ਇਸ ਦਫਤਰ ਤੇ **ਪੱਤਰ ਨੰ:ਆਈਟੀ/ਟ੍ਰੇ/ਦਾਖਲਾ**/2003/14258-398-**ਟੀ ਮਿਤੀ**: 28-04-2003 ਰਾਂਹੀਂ ਪੱਕੇ ਤੌਰ ਤੇ ਤਬਦੀਲ ਕੀਤੀਆਂ ਗਈਆਂ ਹਨ, ਜਦੋਂ ਤੱਕ ਇਹਨਾਂ ਨਵੀਆਂ ਟਰੇਡਾਂ ਨਾਲ ਸਬੰਧਤ ਅਮਲਾ / ਮਸ਼ੀਨਰੀ ਉਪਲਬੱਧ ਨਹੀਂ ਹੁੰਦੀ ਤਾਂ ਸੈਸ਼ਨ 2009 ਵਿਚ ਪਹਿਲਾਂ ਚੱਲ ਰਹੀ ਅਸਲ ਟਰੇਡ ਵਿਚ ਦਾਖਲਾ ਕਰਨ ਲਈ ਉਪਰਾਲੇ ਕੀਤੇ ਜਾਣ।

35 ਦਾਖਲ ਕੀਤੇ ਜਾਣ ਵਾਲੇ ਉਮੀਦਵਾਰਾਂ ਦੀ ਉਮਰ ਭਾਰਤ ਸਰਕਾਰ ਦੇ **ਪੱਤਰ ਨੰ: D.G.E.&T,**-19/(13)/2003 **CD ਮਿਤੀ**: 09-11-2003 ਦੇ ਫੈਸਲੇ ਅਨੁਸਾਰ ਉਮੀਦਵਾਰ ਸਰੀਰਕ ਤੌਰ ਤੇ ਫਿੱਟ ਹੋਣ ਅਤੇ ਉਨ੍ਹਾਂ ਦੀ ਉਮਰ ਪਹਿਲੀ ਅਗਸਤ 2008 ਨੂੰ 14 ਸਾਲ ਤੋਂ 40 ਸਾਲ ਦੇ ਵਿਚਕਾਰ ਹੋਵੇ। ਐਕਸ ਸਰਵਿਸਮੈਨ ਅਤੇ ਲੜਾਈ ਦੌਰਾਨ ਵਿਧਵਾਵਾਂ ਦੀ ਉਪਰਲੀ ਦੀ ਉਮਰ ਵਿਚ 45 ਸਾਲ ਦੀ ਉਮਰ ਤੱਕ ਢਿਲ ਕੀਤੀ ਗਈ ਹੈ। ਆਰਟ ਤੇ ਕਰਾਫਟ ਟੀਚਰ ਟ੍ਰੇਨਿੰਗ ਕੋਰਸ ਵਿਚ ਅਤੇ ਟੀਚਰ ਟ੍ਰੇਨਿੰਗ ਕੋਰਸ ਵਿਚ ਦਾਖਲੇ ਲਈ ਉਮਰ ਦੀ ਹੱਦ ਕਰਾਫਟਸਮੈਨ ਸਕੀਮ ਦੇ ਟਰੇਡਾਂ ਅਨੁਸਾਰ ਹੀ ਹੋਵੇਗੀ।

36 ਸਾਰੇ ਉਮੀਦਵਾਰਾਂ ਦੀ ਕੈਟਾਗਰੀ ਵਾਇਜ਼ ਮੈਰਿਟ ਬਣਾਉਂਦੇ ਹੋਏ ਉਮੀਦਵਾਰਾਂ ਨੂੰ 10+2 ਦੇ 3 ਨੰਬਰ ਉਸ ਤੋਂ ਉਚੇਰੀ ਯੋਗਤਾ ਰੱਖਣ ਵਾਲੇ ਉਮੀਦਵਾਰ ਨੂੰ 5 ਨੰਬਰ ਦੇ ਕੇ ਮੈਰਿਟ ਲਿਸ਼ਟਾਂ ਤਿਆਰ ਕੀਤੀਆਂ ਜਾਣ।

37 ਸਾਰੇ ਸਰਕਾਰੀ ਅਤੇ ਗੈਰ ਸਰਕਾਰੀ ਸੰਸਥਾਵਾਂ ਦੇ ਮੁੱਖੀਆਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਉਨ੍ਹਾਂ ਦੀ ਸੰਸਥਾ ਵਿਚ ਜਿਹੜੀਆਂ ਟਰੇਡਾਂ ਚੱਲ ਰਹੀਆਂ ਹਨ, ਉਨਾਂ ਸੰਬਧੀ ਸੂਚਨਾ ਤੁਰੰਤ ਕੰਟਰੋਲਰ (ਪ੍ਰੀਖਿਆਵਾਂ), ਪੰਜਾਬ ਸਟੇਟ ਬੋਰਡ ਤਕਨੀਕੀ ਸਿਖਿਆ ਅਤੇ ਉਦਯੋਗਿਕ ਸਿਖਲਾਈ, ਚੰਡੀਗੜ੍ਹ ਨੂੰ ਭੇਜਣ, ਜਿਸ ਤੋਂ ਸਪਸ਼ਟ ਹੁੰਦਾ ਹੋਵੇ ਕਿ ਕਿਹੜੀਆਂ ਟਰੇਡਾਂ ਐਫੀਲੇਟਿਡ ਹਨ ਜਾਂ ਕਿਹੜੀਆਂ ਟਰੇਡਾਂ ਅਨ-ਐਫੀਲੇਟਿਡ ਹਨ ਤਾਂ ਜੋ ਸਟੇਟ ਬੋਰਡ ਨੂੰ ਪ੍ਰੀਖਿਆ ਲੈਣ ਲਈ ਕਿਸੇ ਤਰਾਂ ਦੀ ਔਕੜ ਦਾ ਸਾਹਮਣਾ ਨਾ ਕਰਨਾ ਪਵੇ।

38 ਪੰਜਾਬ ਰਾਜ ਵਿਚ ਚੱਲ ਰਹੀਆਂ ਗੈਰ-ਸਰਕਾਰੀ ਸੰਸਥਾਵਾਂ ਵਿਚੋਂ ਜਿਨ੍ਹਾਂ ਸੰਸਥਾਵਾਂ ਨੂੰ ਸਟੈਡਿੰਗ ਐਫੀਲੇਸ਼ਨ ਕਮੇਟੀ ਦੀ ਰਿਪੋਰਟ ਦੇ ਆਧਾਰ ਤੇ ਆਰਜੀ ਤੌਰ ਤੇ ਐਫੀਲੇਸ਼ਨ ਦੇਣ ਉਪਰੰਤ, ਦਾਖਲਾ ਕਰਨ ਦੀ ਆਗਿਆ ਦਿੱਤੀ ਗਈ ਸੀ ਅਤੇ ਬਹੁਤ ਸਾਰੀਆਂ ਸੰਸਥਾਵਾਂ ਨੂੰ D.G.E.&T. ਵਲੋਂ ਪ੍ਰਵਾਨਗੀ ਦਿੱਤੀ ਗਈ ਸੀ, ਪਰ ਸਟੈਡਿੰਗ ਕਮੇਟੀ ਦੀ ਸਿਫਾਰਸ਼ਾਂ ਨੂੰ ਧਿਆਨ ਵਿਚ ਰਖਦੇ ਹੋਏ D.G.E.&T. ਵਲੋਂ ਕੁਝ ਸ਼ਰਤਾਂ ਮਿਥੀਆਂ ਗਈਆਂ ਹਨ। ਜਿਸ ਸਬੰਧੀ ਉਨ੍ਹਾਂ ਵਲੋਂ ਸਿੱਧੇ ਤੌਰ ਤੇ ਅਤੇ ਮੁੱਖ ਦਫਤਰ ਵਲੋਂ ਵੀ ਵੱਖਰੇ ਤੌਰ ਤੇ ਸੂਚਿਤ ਕੀਤਾ ਗਿਆ ਹੈ। ਮਿਥੀਆਂ ਸ਼ਰਤਾਂ ਅਧੀਨ ਸਾਰੀਆਂ ਗੈਰ-ਸਰਕਾਰੀ ਸੰਸਥਾਵਾਂ ਨੂੰ ਦਾਖਲਾ ਕਰਨ ਦੀ ਆਗਿਆ ਦਿੱਤੀ ਜਾਂਦੀ ਹੈ ਜੇਕਰ ਕਿਸੇ ਸੰਸਥਾ ਵਲੋਂ D.G.E.&T. / ਮੁੱਖ ਦਫਤਰ ਵਲੋਂ ਲਗਾਈਆਂ ਸ਼ਰਤਾਂ ਦੀ ਉਲੰਘਣਾ ਕਰਕੇ ਦਾਖਲਾ ਕੀਤਾ ਜਾਂਦਾ ਹੈ ਤਾਂ ਅਜਿਹੀਆਂ ਸੰਸਥਾਵਾਂ ਵਲੋਂ ਸਬੰਧਤ ਯੂਨਿਟਾਂ ਵਿਚ ਦਾਖਲ ਕੀਤਾ ਗਏ ਉਮੀਦਵਾਰਾਂ ਦੀ ਰਜਿਸ਼ਟਰੇਸ਼ਨ ਲਈ ਸਿਫਾਰਸ਼ ਕੀਤੀ ਜਾਵੇਗੀ, ਇਹਨਾਂ ਹਦਾਇਤਾਂ ਦੀ ਉਲੰਘਣਾਂ ਕਰਨ ਦੀ ਸੂਰਤ ਵਿਚ ਸੰਸਥਾ ਦਾ ਮੁੱਖੀ ਸਿੱਧੇ ਤੌਰ ਤੇ ਜਿੰਮੇਵਾਰ ਹੋਵੇਗਾ ਅਤੇ ਵਿਭਾਗ ਗਲਤ ਤੌਰ ਤੇ ਦਾਖਲ ਕੀਤੇ ਉਮੀਦਵਾਰਾਂ ਦਾ ਦਾਖਲੇ ਲਈ ਜਵਾਬਦੇਹ ਨਹੀਂ ਹੋਵੇਗਾ।

39 ਰਾਜ ਦੀਆਂ ਸਾਰੀਆਂ ਗੈਰ-ਸਰਕਾਰੀ ਸੰਸਥਾਵਾਂ ਲਈ ਇਹ ਲਾਜ਼ਮੀ ਹੈ ਕਿ ਉਨ੍ਹਾਂ ਦੀਆਂ ਸੰਸਥਾਵਾਂ ਨੂੰ ਜਿੰਨ੍ਹਾਂ ਟਰੇਡਾਂ ਦੀ ਐਫੀਲੇਸ਼ਨ D.G.E.&T ਵਲੋਂ ਦਿੱਤੀ ਗਈ ਹੈ, ਉਨ੍ਹਾਂ ਲਈ

ਸੈਂਕਸ਼ਨਡ ਸੀਟਾਂ ਤੋਂ ਵੱਧ ਦਾਖਲਾ ਨਾ ਕੀਤਾ ਜਾਵੇ। ਜੇਕਰ ਕਿਸੇ ਸੰਸਥਾ ਵਲੋਂ ਸੈਂਕਸ਼ਨਡ ਸੀਟਾਂ ਤੋਂ ਵੱਧ ਦਾਖਲਾ ਕੀਤਾ ਗਿਆ ਤਾਂ ਉਸ ਸੰਸਥਾ ਨੂੰ ਬਿਨਾਂ ਕੋਈ ਨੋਟਿਸ ਦਿੱਤੇ ਡਿਸ-ਐਫੀਲੇਟ ਕੀਤਾ ਜਾਵੇਗਾ। ਜਿਨ੍ਹਾਂ ਸਰਕਾਰੀ ਉਦਯੋਗਿਕ ਸਿਖਲਾਈ ਸੰਸਥਾਵਾਂ ਵਿਚ ਗੈਰ-ਸਰਕਾਰੀ ਸੰਸਥਾ ਦੇ ਦਾਖਲੇ ਸਬੰਧੀ ਕਾਰਵਾਈ ਕੀਤੀ ਜਾਂਦੀ ਹੈ ਉਹਨਾਂ ਸਾਰੀਆਂ ਸਰਕਾਰੀ ਸੰਸਥਾਵਾਂ ਦੇ ਮੁੱਖੀਆਂ/ ਇੰਚਾਰਜ ਦੀ ਇਹ ਡਿਊਟੀ ਹੋਵੇਗੀ ਕਿ ਇਨ੍ਹਾਂ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਆਪਣੇ ਪੱਧਰ ਤੇ ਕਰਵਾਉਣ।

<u>ਗੈਰ-ਸਰਕਾਰੀ ਕੇਂਦਰਾਂ ਨੂੰ D.G.E.&T ਭਾਰਤ ਸਰਕਾਰ/ ਵਿਭਾਗ ਵਲੋਂ ਉਨਾਂ ਦੇ ਜਿਸ ਪਤੇ / ਐਡਰੈਸ (ਬਿਲਡਿੰਗ) ਲਈ ਟਰੇਡ / ਕੋਰਸ ਚਲਾਉਣ ਲਈ ਐਫੀਲੇਸ਼ਨ ਦਿੱਤੀ ਗਈ ਹੈ, ਸਾਰੇ ਗੈਰ-ਸਰਕਾਰੀ ਕੇਂਦਰ ਉਸ ਪਤੇ / ਐਡਰੈਸ (ਬਿਲਡਿੰਗ) ਵਿਚ ਟ੍ਰੇਨਿੰਗ ਦੇਣ ਹਿਤ ਹੀ ਦਾਖਲਾ ਕਰਨਗੇ। ਇੰਨਾਂ ਹਦਾਇਤਾਂ ਦੀ ਉਲੰਘਣਾ ਕਰਨ ਦੀ ਸੂਰਤ ਵਿਚ ਸਬੰਧਤ ਕੇਂਦਰ ਖੁਦ ਜਿੰਮੇਵਾਰ ਹੋਵੇਗਾ।</u>

40 ਜਿਨ੍ਹਾਂ ਸੰਸਥਾਵਾਂ ਦੀਆਂ ਟਰੇਡਾਂ ਸਬੰਧੀ ਕੇਸ D.G.E.&T ਭਾਰਤ ਸਰਕਾਰ ਪਾਸ ਵਿਚਾਰ ਅਧੀਨ ਹੈ, ਉਨਾਂ ਟਰੇਡਾਂ ਵਿਚ ਦਾਖਲਾ ਨਾ ਕੀਤਾ ਜਾਵੇ। ਜੋ ਸੰਸਥਾਵਾਂ / ਕੇਂਦਰ ਅਜਿਹੀਆਂ ਟਰੇਡਾਂ ਵਿਚ ਜਾਣ-ਬੂਝ ਕੇ ਦਾਖਲਾ ਕਰਨਗੇ, ਉਸ ਦੀ ਜ਼ਿੰਮੇਵਾਰੀ ਸਬੰਧਤ ਸੰਸਥਾਵਾਂ ਦੇ ਮੁੱਖੀ ਅਤੇ ਅਬਜਰਵਰ (ਸਰਕਾਰੀ ਉਦਯੋਗਿਕ ਸਿਖਲਾਈ ਸੰਸਥਾਵਾਂ) ਦੀ ਹੋਵੇਗੀ। ਅਜਿਹੀਆਂ ਸੰਸਥਾਵਾਂ ਵਿਰੁੱਧ ਨਿਯਮਾਂ ਅਨੁਸਾਰ ਕਾਰਵਾਈ ਕੀਤੀ ਜਾਵੇਗੀ।

41 ਵਿਭਾਗ ਨੂੰ ਪ੍ਰਾਸਪੈਕਟਸ ਵਿਚ ਕਿਸੇ ਤਰਾਂ ਦੀ ਸੋਧ ਕਰਨ ਦਾ ਪੂਰਨ ਅਧਿਕਾਰ ਹੈ।

42 ੳ) 8ਵੀਂ ਪੱਧਰ ਦੇ ਟਰੇਡਾਂ ਦੇ ਦਾਖਲੇ ਲਈ 8ਵੀਂ ਵਿਚ ਪ੍ਰਾਪਤ ਅੰਕਾਂ ਦੀ ਪ੍ਰਤੀਸ਼ਤਤਾ ਵਿਚ ਉਚੇਰੀ ਯੋਗਤਾ ਵਾਲੇ ਉਮੀਦਵਾਰ ਨੂੰ 10ਵੀਂ ਪਾਸ ਕਰਨ ਤੇ 2% ਨੰਬਰ ਵਾਧੂ ਅਤੇ ਇਸ ਤੋਂ ਉਚੇਰੀ ਸਿਖਿਆ ਪ੍ਰਾਪਤ ਕਰਨ ਵਾਲੇ ਉਮੀਦਵਾਰ ਨੂੰ 3% ਨੰਬਰ ਵਾਧੂ ਦਿੱਤੇ ਜਾਣਗੇ ਅਤੇ ਇਕੋ ਹੀ ਮੈਰਿਟ ਲਿਸ਼ਟ ਤਿਆਰ ਕੀਤੀ ਜਾਵੇਗੀ।

ਅ) 10 ਵੀਂ ਪੱਧਰ ਦੇ ਟਰੇਡਾਂ ਦੇ ਦਾਖਲੇ ਲਈ 10ਵੀਂ ਵਿਚ ਪ੍ਰਾਪਤ ਅੰਕਾਂ ਦੀ ਪ੍ਰਤੀਸ਼ਤਤਾ ਵਿਚ ਉਚੇਰੀ ਯੋਗਤਾ ਵੇਲੇ ਉਮੀਦਾਵਰ ਨੂੰ 10+2 ਪਾਸ ਕਰਨ ਤੇ 3% ਨੰਬਰ ਵਾਧੂ ਅਤੇ ਇਸ ਤੋਂ ਉਚੇਰੀ ਸਿਖਿਆ ਪ੍ਰਾਪਤ ਕਰਨ ਵਾਲੇ ਉਮੀਦਵਾਰ ਨੂੰ 5% ਨੰਬਰ ਵਾਧੂ ਦਿੱਤੇ ਜਾਣਗੇ ਅਤੇ ਇਕੋ ਹੀ ਮੈਰਿਟ ਲਿਸ਼ਟ ਤਿਆਰ ਕੀਤੀ ਜਾਵੇਗੀ।

ੲ) 12 ਵੀਂ ਪੱਧਰ ਦੇ ਟਰੇਡਾਂ ਦੇ ਦਾਖਲੇ ਲਈ 12ਵੀਂ ਵਿਚ ਪ੍ਰਾਪਤ ਅੰਕਾਂ ਦੀ ਪ੍ਰਤੀਸ਼ਤਤਾ ਵਿਚ ਉਚੇਰੀ ਸਿਖਿਆ ਵਾਲੇ ਉਮੀਦਵਾਰ ਨੂੰ 5% ਨੰਬਰ ਵਾਧੂ ਦਿੱਤੇ ਜਾਣ ਅਤੇ ਇਕੋ ਹੀ ਮੈਰਿਟ ਲਿਸ਼ਟ ਤਿਆਰ ਕੀਤੀ ਜਾਵੇਗੀ।

ਸਾਰੀਆਂ ਸੰਸਥਾਵਾਂ ਦੇ ਮੁੱਖੀਆਂ ਨੂੰ ਸਚਿਤ ਕੀਤਾ ਜਾਂਦਾ ਹੈ ਕਿ ਸੈਸ਼ਨ 2009 ਦੌਰਾਨ ਟਰੇਡਾਂ ਵਿਚ ਵੱਧ ਤੋਂ ਵੱਧ ਦਾਖਲਾ ਕੀਤਾ ਜਾਵੇ। ਜੇਕਰ ਕਿਸੇ ਸੰਸਥਾ ਦਾ ਕਿਸੇ ਟਰੇਡ ਦਾ ਦਾਖਲਾ 50% ਤੋਂ ਘੱਟ ਹੁੰਦਾ ਹੈ ਤਾਂ ਟਰੇਡ ਬੰਦ ਕੀਤੀ ਜਾ ਸਕਦੀ ਹੈ।

43 ਪੰਜਾਬ ਸਰਕਾਰ ਭਲਾਈ ਵਿਭਾਗ, (ਰਿਜਰਵੇਸ਼ਨ ਸੈਲ) ਦੇ ਪੱਤਰ ਨੰ: 7/21/2004-ਰਸ1/1674-77 ਮਿਤੀ: 20-12-2004 ਰਾਂਹੀਂ ਜਾਰੀ ਹਦਾਇਤਾਂ ਅਨੁਸਾਰ ਦਾਖਲੇ ਸਮੇਂ ਅਨੁਸੂਚਿਤ ਜਾਤੀਆਂ / ਪੱਛੜੀਆਂ ਸ਼੍ਰੇਣੀਆਂ ਦੇ ਉਮੀਦਵਾਰ ਨੂੰ ਜਨਰਲ ਕੈਟਾਗਰੀ ਦੇ ਉਮੀਦਵਾਰਾਂ ਦੇ ਨਾਲ ਸੰਯੁਕਤ ਰੂਪ ਵਿਚ ਇੰਟਰਵਿਊ ਵਾਲੇ ਦਿਨ ਵੀ ਵਿਚਾਰੀਆਂ ਜਾਣ।

ਇਸ ਉਪਰੰਤ ਅਨੁਸੂਚਿਤ ਜਾਤੀਆਂ / ਪੱਛੜੀਆਂ ਸ੍ਰੇਣੀਆਂ ਦੇ ਉਮੀਦਵਾਰਾਂ ਨੂੰ ਉਹਨਾਂ ਨਾਲ ਸਬੰਧਤ ਵਰਗ ਦੀ ਇੰਟਰਵਿਉ ਵਾਲੇ ਦਿਨ ਵੀ ਅਲੱਗ ਤੌਰ ਤੇ ਵਿਚਾਰੀਆਂ ਜਾਣ।

45 ਕਟਾਈ ਸਿਲਾਈ ਤੇ ਕਢਾਈ ਟੀਚਰ ਟ੍ਰੇਨਿੰਗ ਕੋਰਸ ਦੇ ਦਾਖਲਾ ਸੈਸ਼ਨ 2009 ਸਬੰਧੀ ਵਿਸ਼ੇਸ਼ ਹਦਾਇਤਾਂ:-

ਉਮੀਦਵਾਰ ਸਰੀਰਕ ਤੋਰ ਤੇ ਫਿੱਟ ਹੋਵੇ ਅਤੇ ਉਸ ਦੀ ਉਮਰ ਘੱਟ ਤੋ ਘੱਟ 16 ਸਾਲ ਅਤੇ ਵੱਧ ਤੋ ਵੱਧ 40 ਸਾਲ ਦੀ ਹੋਣੀ ਚਾਹੀਦੀ ਹੈ। ਅਨੁਸੂਚਿਤ ਜਾਤੀ / ਕਬੀਲਿਆਂ ਦੇ ਉਮੀਦਵਾਰਾਂ ਲਈ ਉਮਰ ਦੀ ਹੱਦ 40 ਸਾਲ ਅਤੇ ਸਾਬਕਾ ਫੌਜੀਆਂ ਅਤੇ ਵਾਰ-ਵਿਡੋਜ਼ ਉਮੀਦਵਾਰਾਂ ਲਈ ਉਮਰ ਦੀ ਹੱਦ 45 ਸਾਲ ਤੱਕ ਹੈ।

ਇਸ ਕੋਰਸ ਵਿਚ ਸੁਪਰਨਿਉਮਰੀ ਸੀਟਾਂ ਦਾ ਉਪਬੰਧ ਨਹੀਂ ਹੈ।

ਦਾਖਲਾ ਕੈਟੇਗਰੀਵਾਇਜ ਨਿਰੋਲ ਮੈਰਿਟ ਦੇ ਅਧਾਰ ਤੇ ਹੋਵੇਗਾ ਅਤੇ ਮੈਰਿਟ ਲਈ ਦਿੱਤੇ ਜਾਣ ਵਾਲੇ ਨੰਬਰ ਹੇਠ ਲਿਖੇ ਅਨੁਸਾਰ ਹੋਣਗੇ :-

| | | | | |
|---|---|---|---|---|
| i) | ਵਿਦਿਅਕ ਯੋਗਤਾ ਮੈਟ੍ਰਿਕ : | | | **30 ਨੰਬਰ** |
| | ਵਾਧੂ ਵਿਦਿਅਕ ਯੋਗਤਾ | | : | **10 ਨੰਬਰ** |
| | ੳ. | ਐਮ.ਏ | : | 10 ਨੰਬਰ |
| | ਅ. | ਬੀ.ਏ. (ਕਿਸੇ ਵੀ ਡਿਸਪਲਿਨ ਅਧੀਨ) | : | 06 ਨੰਬਰ |
| | ੲ. | 10+2 | : | 02 ਨੰਬਰ |
| ii) | ਤਕਨੀਕੀ ਯੋਗਤਾਵਾਂ :- | | : | **50 ਨੰਬਰ** |
| | ੳ. | ਐਨ.ਟੀ.ਸੀ. ਕਟਾਈ ਤੇ ਸਿਲਾਈ ਜਾਂ ਡਰੈਸ ਮੇਕਿੰਗ ਜਾਂ ਫੈਸ਼ਨ ਟੈਕਨਾਲੋਜੀ ਜਾਂ ਬੀਬੀਬੀਟੀ ਇਨ ਐਪਰਲ ਸੈਕਟਰ ਅੰਡਰ ਸੀ.ਓ.ਈ ਸਕੀਮ (ਜਰੂਰੀ) | : | 25 ਨੰਬਰ |
| | ਅ. | ਐਨ.ਟੀ.ਸੀ. ਕਢਾਈ ਤੇ ਨੀਡਲ ਵਰਕ ਜਾਂ ਫਰੂਟ ਪ੍ਰੀਜਰਵੇਸਨ/ ਫੂਡ ਪ੍ਰੋਸੈਸਿੰਗ ਜਾਂ ਹੇਅਰ ਐਂਡ ਸਕਿਨ ਕੇਅਰ | : | 25 ਨੰਬਰ |
| iii) | ਤਜਰਬਾ | | : | **10 ਨੰਬਰ** |
| | | ਟੀਚਿੰਗ ਤਜਰਬੇ ਦੇ ਇਕ ਸਾਲ ਲਈ 3 ਨੰਬਰ ਪਰ ਕੁੱਲ 10 ਨੰਬਰ ਤੋ ਵੱਧ ਨਹੀ ਅਤੇ ਇਸੇ ਤਰਾਂ ਟੀ.ਸੀ.ਪੀ.ਸੀ. ਦੇ 5 ਨੰਬਰ ਇਕ ਸਾਲ ਲਈ 5 ਨੰਬਰ ਪ੍ਰੰਤੂ 10 ਨੰਬਰਾਂ ਤੋ ਵੱਧ ਨੰਬਰ ਨਹੀ। ਜੇਕਰ ਤਜਰਬਾ ਇਕ ਸਾਲ ਤੋ ਘੱਟ ਹੈ ਤਾਂ ਪ੍ਰੋਪੋਸ਼ਨੇਟਲੀ ਜਿੰਨੇ ਮਹੀਨੇ ਦਾ ਤਜਰਬਾ ਅਥਵਾ ਟੀ.ਸੀ.ਪੀ.ਸੀ. ਕਲਾਸ ਵਿਚ ਕੰਮ ਕੀਤਾ ਹੈ, ਨੰਬਰ ਦਿੱਤੇ ਜਾਣ। | | |
| | ਕੁਲ ਨੰਬਰ | | : | 100 ਨੰਬਰ |

**ਜਰੂਰੀ ਸੂਚਨਾ :-**

a. ਤਜਰਬੇ ਦਾ ਸਰਟੀਫਿਕੇਟ ਕੇਵਲ ਕਟਾਈ ਸਿਲਾਈ ਅਤੇ ਕਢਾਈ, ਫਰੂਟ ਪ੍ਰੀਜਰਵੇਸ਼ਨ, ਬਲੀਚਿੰਗ ਡਾਇੰਗ ਐਂਡ ਕੈਲੀਕੋ ਪ੍ਰਿੰਟਿੰਗ, ਹੇਅਰ ਐਂਡ ਸਕਿਨ ਕੇਅਰ, ਡਰੈਸ ਮੇਕਿੰਗ, ਫੈਸ਼ਨ ਟੈਕਨਾਲੋਜੀ ਦੇ ਵਿਸ਼ੇ ਦੇ ਆਧਾਰ ਤੇ ਮੰਨਿਆ ਜਾਵੇ।

b. ਤਜਰਬੇ ਸਬੰਧੀ ਸਰਟੀਫਿਕੇਟ ਸਰਕਾਰੀ ਸਕੂਲ ਜ਼ਾਂ ਮਾਨਤਾ ਪ੍ਰਾਪਤ ਸਕੂਲ ਦਾ, ਜਿਸ ਵਿਚ ਰਜਿਸ਼ਟਰਡ ਨੰਬਰ, ਕਰਮਚਾਰੀ ਦੀ ਤਨਖਾਹ, ਸਕੇਲ ਸਮੇਤ, ਸਮਾਂ ਅਤੇ ਆਹੁੱਦਾ ਦਿੱਤਾ ਹੋਵੇ ਮੰਨਿਆ ਜਾਵੇ।

c. ਕੇਵਲ ਰਜਿਸ਼ਟਰਡ ਕੀਤੇ ਸਕੂਲ ਵਲੋਂ ਜਿੰਨਾਂ ਨੂੰ ਮਾਨਤਾ ਨਹੀਂ ਮਿਲੀ ਹੈ, ਜਾਰੀ ਕੀਤੇ ਸਰਟੀਫਿਕੇਟ ਨਹੀਂ ਮੰਨੇ ਜਾਣਗੇ।

d. ਸਿਖਿਆ ਸਕੂਲਾਂ ਦੇ ਸਰਟੀਫਿਕੇਟ, ਜਿਲ੍ਹਾ ਸਿਖਿਆ ਅਫਸਰ ਦੇ ਕਾਉਂਟਰ ਸਾਇਨ ਕੀਤੇ ਮੰਨੇ ਜਾਣ।

e. ਜੇਕਰ ਸਰਟੀਫਿਕੇਟ ਬੀ.ਡੀ.ਓ. ਵਲੋਂ ਜਾਰੀ ਕੀਤਾ ਹੋਵੇ ਤਾਂ ਉਹ ਜਿਲ੍ਹਾ ਵਿਕਾਸ ਅਤੇ ਪੰਚਾਇਤ ਅਫਸਰ ਵਲੋਂ ਹਸਤਾਖਰ ਕੀਤਾ ਹੀ ਮੰਨਿਆ ਜਾਵੇ।

f. ਪ੍ਰਾਜੈਕਟ ਅਫਸਰ ਵਲੋਂ ਜਾਰੀ ਕੀਤੇ ਸਰਟੀਫਿਕੇਟ ਵੀ ਮੰਨੇ ਜਾਣ।

g. ਟੀ.ਸੀ.ਪੀ.ਸੀ. ਦਾ ਸਰਟੀਫਿਕੇਟ ਉਹ ਹੀ ਮੰਨਿਆ ਜਾਵੇ, ਜਿਸ ਤੇ ਪ੍ਰਿੰਸੀਪਲ ਦੀ ਦਫਤਰੀ ਮੋਹਰ, ਦਾਖਲਾ ਨੰਬਰ, ਸਮਾਂ ਦਰਸਾਇਆ ਹੋਵੇ ਅਤੇ ਮੁੱਖ ਦਫਤਰ ਵਲੋਂ ਕਾਉਂਟਰ ਸਾਇਨ ਕੀਤੇ ਹੋਣ।

ਨੋਟ :- ਤਜਰਬਾ ਸਰਟੀਫਿਕੇਟ ਸਬੰਧਤ ਸਮਰੱਥ ਅਧਿਕਾਰੀ ਪਾਸੋਂ ਤਸਦੀਕਸ਼ੁਦਾ ਹੋਣਾ ਚਾਹੀਦਾ ਹੈ। ਅਧੂਰੇ ਤਜਰਬਾ ਸਰਟੀਫਿਕੇਟਾਂ ਨੂੰ ਮਾਨਤਾ ਨਾ ਦਿੱਤੀ ਜਾਵੇ, ਨਾ ਹੀ ਦਾਖਲੇ ਦੀ ਅੰਤਿਮ ਮਿਤੀ ਤੋਂ ਬਾਦ ਸਰਟੀਫਿਕੇਟ ਨਾ ਮੰਨੇ ਜਾਣ।

## ਜਰੂਰੀ ਨੋਟ

1. ਇੰਟਰਵਿਉ ਵਾਲੇ ਦਿਨ ਹਾਜਰੀ ਲਗਾਉਣ ਦਾ ਸਮਾਂ ਸਵੇਰੇ 9.00 ਵਜੇ ਤੋਂ 11.00 ਵਜੇ ਤੱਕ ਹੋਵੇਗਾ। ਉਮੀਦਵਾਰ ਨੇ ਜਿਸ ਕੈਟਾਗਰੀ ਵਿਚ ਅਪਲਾਈ ਕੀਤਾ ਹੈ, ਉਸ ਦੇ ਸਬੂਤ ਵਜੋ ਸਰਟੀਫਿਕੇਟ ਦੀਆਂ ਤਸਦੀਕਸ਼ੁਦਾ ਕਾਪੀਆਂ ਨਾਲ ਲਗਾਉਣ, ਨਹੀਂ ਤਾਂ ਉਨਾਂ ਨੂੰ ਓਸ ਕੈਟਾਗਰੀ ਲਈ ਦਾਖਲੇ ਵਾਸਤੇ ਪਾਤਰ ਨਹੀਂ ਮੰਨਿਆ ਜਾਵੇਗਾ ਅਤੇ ਉਸ ਦਾ ਨਾਂ ਦਾਖਲੇ ਬਾਰੇ ਜਨਰਲ ਕੈਟਾਗਰੀ ਵਿਚ ਹੀ ਵਿਚਾਰਿਆ ਜਾਵੇਗਾ। ਜਿਸ ਉਮੀਦਵਾਰ ਦਾ ਨਾਮ ਦਾਖਲੇ ਲਈ ਨੋਟਿਸ ਬੋਰਡ ਤੇ ਨਹੀਂ ਲਗਾਇਆ ਜਾਂਦਾ ਤਾਂ ਉਹ ਆਪਣੀ ਅਪੀਲ ਇੰਟਰਵਿਉ ਦੀ ਮਿਤੀ ਤੋਂ ਪਹਿਲਾਂ-ਪਹਿਲਾਂ ਸੰਸਥਾ ਦੇ ਮੁੱਖੀ/ ਚੋਣ ਕਮੇਟੀ ਦੇ ਚੇਅਰਮੈਨ ਪਾਸ ਪੇਸ਼ ਕਰ ਸਕਦੇ ਹਨ।
2. ਜੇਕਰ ਕਿਸੇ ਸੰਸਥਾ ਦੇ ਕਿਸੇ ਟਰੇਡ/ ਯੂਨਿਟ ਨੂੰ ਡੀ.ਜੀ.ਈ. ਐਂਡ ਟੀ. ਵਲੋਂ ਰੱਦ ਕਰਨ ਦਾ ਕੇਸ ਵਿਚਾਰ ਅਧੀਨ ਹੈ ਤਾਂ ਸਬੰਧਤ ਸੰਸਥਾ ਉਸ ਟਰੇਡ/ ਯੂਨਿਟ ਦਾ ਦਾਖਲਾ ਨਾ ਕੀਤਾ ਜਾਵੇ। ਜੇਕਰ ਫਿਰ ਵੀ ਅਜਿਹੀ ਸੰਸਥਾ ਦਾਖਲਾ ਕਰਦੀ ਹੈ ਤਾਂ ਉਸ ਵਿਰੁੱਧ ਨਿਯਮਾਂ ਅਨੁਸਾਰ ਕਾਰਵਾਈ ਕੀਤੀ ਜਾਵੇਗੀ। ਹਰੇਕ ਸੰਸਥਾ ਉਨ੍ਹਾਂ ਯੂਨਿਟਾਂ/ ਟਰੇਡਾਂ ਵਿਰੁੱਧ ਹੀ ਦਾਖਲਾ ਕਰੇਗੀ, ਜਿੰਨ੍ਹਾਂ ਟਰਡਾਂ/ ਯੂਨਿਟਾਂ ਦੀ ਐਫੀਲੇਸ਼ਨ ਮਿਲੀ ਹੋਈ ਹੈ।

   ਪ੍ਰਾਸਪੈਕਟਸ ਵਿਚ ਜੇਕਰ ਕਿਸੇ ਵੀ ਸਰਕਾਰੀ/ ਗੈਰ ਸਰਕਾਰੀ ਸੰਸਥਾ ਦਾ ਨਾਮ, ਟਰੇਡਾਂ/ ਯੂਨਿਟਾਂ ਨੂੰ ਨਹੀਂ ਦਰਸਾਇਆ ਗਿਆ ਪ੍ਰੰਤੂ ਉਸ ਨੂੰ ਐਫੀਲੇਸ਼ਨ ਮਿਲੀ ਹੋਈ ਹੈ ਅਤੇ ਸਬੰਧਤ ਸੰਸਥਾ ਵਿਚ ਇੰਸਟਰਕਟਰ/ ਮਸ਼ੀਨਰੀ ਉਪਲਬਧ ਹੈ ਤਾਂ ਇਸ ਬਾਰੇ ਸਬੰਧਤ ਅਬਜਰਵਰ ਦੇ ਧਿਆਨ ਵਿਚ ਲਿਆ ਕੇ ਦਾਖਲਾ ਕੀਤਾ ਜਾ ਸਕਦਾ ਹੈ।

   ਪ੍ਰਾਸਪੈਕਟ ਵਿਚ ਦਰਸਾਈਆਂ ਉਦਯੋਗਿਕ ਸਿਖਲਾਈ ਸੰਸਥਾ ਵਿਚੋਂ ਜੇਕਰ ਵਿਭਾਗ ਵਲੋਂ ਕਿਸੇ ਸੰਸਥਾ ਦੇ ਕਿਸੇ ਟਰੇਡ/ ਯੂਨਿਟ ਦੀ ਐਫੀਲੇਸ਼ਨ ਕਿਸੇ ਖਾਸ ਕਾਰਨ ਕਰਕੇ ਰੱਦ ਕਰ ਦਿੱਤੀ ਗਈ ਹੈ ਤਾਂ ਵੀ ਅਜਿਹੀ ਸੰਸਥਾ ਸਬੰਧਤ ਟਰੇਡ ਵਿਚ ਦਾਖਲਾ ਨਹੀਂ ਕਰੇਗੀ।
3. ਜੇਕਰ ਵਿਭਾਗ ਵਲੋਂ ਪ੍ਰਾਸਪੈਕਟਸ ਵਿਚ ਕਿਸੇ ਪ੍ਰਕਾਰ ਦੀ ਤਬਦੀਲੀ ਦੀ ਜਰੂਰਤ ਹੋਵੇਗੀ ਤਾਂ ਉਸ ਬਾਰੇ ਸਾਰੀਆਂ ਸੰਸਥਾਵਾਂ ਨੂੰ ਵੱਖਰੇ ਤੌਰ ਤੇ ਸੂਚਿਤ ਕੀਤਾ ਜਾਵੇਗਾ।
4. ਸਾਰੀਆਂ ਸਰਕਾਰੀ ਸੰਸਥਾਵਾਂ ਦੇ ਮੁੱਖੀ, ਜਿਥੇ ਇੰਟਰਵਿਉ ਕੇਂਦਰ ਬਣਾਏ ਹਨ, ਇੰਟਰਵਿਉ ਲੈਣ ਸਬੰਧੀ ਸੰਬਧਤ ਉਪ ਮੰਡਲ ਮੈਜਿਸਟਰੇਟ-ਕਮ-ਚੇਅਰਮੈਨ ਦਾਖਲਾ ਚੋਣ ਕਮੇਟੀ ਅਤੇ ਸਬੰਧਤ ਜ਼ਿਲ੍ਹਾ ਭਲਾਈ ਅਫਸਰ ਨੂੰ ਆਪਣੇ ਪੱਧਰ ਤੇ ਸੰਪਰਕ ਕਰਨਗੇ।
5. ਜੇਕਰ ਕਿਸੇ ਸੰਸਥਾ/ ਕੇਂਦਰ ਪਾਸ ਦਾਖਲਾ ਕਰਨ ਹਿਤ ਸੈਸ਼ਨ 2009 ਲਈ ਲੋੜੀਂਦੀਆਂ ਸੈਂਕਸ਼ਨਡ ਸੀਟਾਂ ਉਪਲਬੱਧ ਨਹੀਂ ਹਨ, ਫਿਰ ਵੀ ਸਬੰਧਤ ਸੰਸਥਾ/ ਕੇਂਦਰ ਜਾਣ-ਬੁਝ ਕੇ ਦਾਖਲਾ ਕਰਦਾ ਹੈ ਤਾਂ ਅਜਿਹੇ ਕੇਂਦਰਾਂ ਵਲੋਂ ਦਾਖਲ ਕੀਤੇ ਗਏ ਉਮੀਦਾਵਰਾਂ/ ਸਿਖਿਆਰਥੀਆਂ ਦੀ ਰਜਿਸਟਰੇਸ਼ਨ, ਲਈ ਬੋਰਡ ਨੂੰ ਸਿਫਾਰਸ਼ ਨਹੀਂ ਕੀਤੀ ਜਾਵੇਗੀ ਅਤੇ ਗਲਤ ਦਾਖਲੇ ਦੀ ਜਿੰਮੇਵਾਰੀ ਸਿੱਧੇ ਤੌਰ ਤੇ ਸਬੰਧਤ ਸੰਸਥਾ/ ਕੇਂਦਰ ਦੀ ਹੋਵੇਗੀ।
6. ਜਿੰਨਾ ਸੰਸਥਾਵਾਂ/ ਕੇਂਦਰਾਂ ਵਿਚ ਦੋ ਸਾਲਾ ਕੋਰਸਾਂ ਦਾ ਇਕ ਯੂਨਿਟ ਪ੍ਰਵਾਨ ਹੈ, ਉਥੇ ਦਾਖਲਾ ਇਕ ਸਾਲ ਛੱਡ ਕੇ ਕੀਤਾ ਜਾਂਦਾ ਹੈ ਭਾਵ ਕਿ ਜਿੰਨਾਂ ਵਲੋਂ ਦੋ ਸਾਲਾ ਕੋਰਸਾਂ/ ਯੂਨਿਟਾਂ ਵਿਚ ਦਾਖਲਾ, ਦਾਖਲਾ ਸੈਸ਼ਨ 2008 ਵਿਚ ਕੀਤਾ ਗਿਆ ਸੀ, ਉਹ ਹੁਣ ਦਾਖਲਾ ਸੈਸ਼ਲ 2009 ਵਿਚ ਦਾਖਲਾ ਨਹੀਂ ਕਰਨਗੇ ਭਾਵ ਕਿ ਦੋ ਸਾਲਾ ਕੋਰਸਾਂ/ ਯੂਨਿਟਾਂ ਵਿਚ ਦਾਖਲਾ, ਇਕ ਸਾਲ ਛੱਡ ਕੇ ਹੀ ਕੀਤਾ ਜਾ ਸਕਦਾ ਹੈ।

7. ਜੇਕਰ ਕਿਸੇ ਉਮੀਦਵਾਰ/ ਸਿਖਿਆਰਥੀਆਂ/ ਮਾਪਿਆਂ ਨੂੰ ਦਾਖਲੇ ਸਬੰਧੀ ਕਿਸੇ ਤਰਾਂ ਦਾ ਕੋਈ ਇਤਰਾਜ/ ਸ਼ਿਕਾਇਤ ਹੋਵੇ ਤਾਂ ਉਹ ਸਬੰਧਤ ਦਾਖਲਾ ਚੋਣ ਕਮੇਟੀ ਦੇ ਚੇਅਰਮੈਨ-ਕਮ-ਉਪ ਮੰਡਲ ਮੈਜਿਸ੍ਟਰੇਟ ਨਾਲ ਸਿੱਧੇ ਤੌਰ ਤੇ ਸੰਪਰਕ ਕਰ ਸਕਦੇ ਹਨ। ਹਰ ਸਬੰਧਤ ਏਰੀਆ ਦੇ ਦਾਖਲਾ ਚੋਣ ਕਮੇਟੀ ਦੇ ਚੇਅਰਮੈਨ-ਕਮ-ਉਪ ਮੰਡਲ ਮੈਜਿਸ੍ਟਰੇਟ, ਪ੍ਰਾਪਤ ਹੋਏ ਇਤਰਾਜਾਂ/ ਸ਼ਿਕਾਇਤਾਂ ਦਾ ਨਿਪਟਾਰਾ ਆਪਣੀ ਪੱਧਰ ਤੇ ਕਰਨਗੇ।

8. ਦਾਖਲਾ ਲੈਣ ਵਾਲੇ ਉਮੀਦਵਾਰਾਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਪ੍ਰਾਪਸੈਕਟ ਵਿਚ ਦਰਸਾਈਆਂ ਸੰਸਥਾਵਾਂ/ ਕੇਂਦਰਾਂ ਵਿਚ ਦਾਖਲੇ ਲਈ ਸਬੰਧਤ ਟਰੇਡਾਂ/ ਯੂਨਿਟਾਂ ਦੀਆਂ ਸੀਟਾਂ ਦਾ ਪੂਰਾ ਵੇਰਵਾ, ਦਾਖਲਾ ਫਾਰਮ ਭਰਨ ਤੋਂ ਪਹਿਲਾਂ ਸਬੰਧਤ ਸੰਸਥਾ ਦੇ ਮੁੱਖੀ ਪਾਸੋਂ ਪ੍ਰਾਪਤ ਕਰ ਲੈਣ ਅਤੇ ਵੱਖ-ਵੱਖ ਟਰੇਡਾਂ ਦੇ ਦਾਖਲੇ/ ਇੰਟਰਵਿਊ ਕੇਂਦਰ ਬਾਰੇ ਵਿਸਥਾਰ ਸਹਿਤ ਜਾਣਕਾਰੀ ਵੀ ਸਬੰਧਤ ਸੰਸਥਾ ਦੇ ਮੁੱਖੀ ਤੋਂ ਪ੍ਰਾਪਤ ਕੀਤੀ ਜਾ ਸਕਦੀ ਹੈ।

9. ਪੰਜਾਬ ਰਾਜ ਦੀਆਂ ਸਾਰੀਆਂ ਗੈਰ-ਸਰਕਾਰੀ ਸੰਸਥਾਵਾਂ ਦੇ ਮੁੱਖੀਆਂ ਲਈ ਇਹ ਜਰੂਰੀ ਹੈ ਕਿ ਸਰਕਾਰੀ ਪ੍ਰਾਸਪੈਕਟਸ ਦੀ ਕਾਪੀ ਆਪਣੇ ਕੇਂਦਰ ਦੇ ਅਬਜਰਵਰ/ ਨਜਦੀਕੀ ਸਰਕਾਰੀ ਸੰਸਥਾ ਤੋਂ ਨਿਰਧਾਰਤ ਕੀਮਤ ਦੇ ਕੇ ਖਰੀਦ ਲੈਣ ਤਾਂ ਕਿ ਵਿਭਾਗ/ ਰਾਜ ਸਰਕਾਰ ਵਲੋਂ ਸਮੇਂ-ਸਮੇਂ ਅਨੁਸਾਰ ਜਾਰੀ ਦਾਖਲਾ ਪਾਲਸੀ/ ਹਦਾਇਤਾਂ ਦੀ ਤਾਜਾ ਜਾਣਕਾਰੀ ਪ੍ਰਾਪਤ ਕਰਕੇ ਉਮੀਦਵਾਰਾਂ ਨੂੰ ਦਿੱਤੀ ਜਾ ਸਕੇ/ ਉਸ ਦੀ ਪਾਲਣਾ ਕੀਤੀ ਜਾ ਸਕੇ।

10. ਜਿੰਨਾ ਸਰਕਾਰੀ ਸੰਸਥਾਵਾਂ ਵਿਚ N.C.V.T. ਅਧੀਨ ਟਰੇਡਾਂ ਚਲ ਰਹੀਆਂ ਹਨ ਅਤੇ ਜਿੰਨ੍ਹਾਂ ਟਰੇਡਾਂ ਦੀ ਐਫੀਲ਼ੇਸ਼ਨ D.G.E.& T., ਭਾਰਤ ਸਰਕਾਰ ਤੋਂ ਅਜੇ ਪ੍ਰਾਪਤ ਨਹੀਂ ਹੋਈ, ਉਨਾਂ ਟਰੇਡਾਂ ਦੇ ਦਾਖਲੇ ਲਈ ਚਾਹਵਾਨ ਉਮੀਦਵਾਰ ਵਲੋਂ S.C.V.T. (ਲਾਲ ਰੰਗ) ਦਾ ਦਾਖਲਾ ਫਾਰਮ ਹੀ ਭਰਿਆ ਜਾਵੇ ਤਾਂ ਜੋ ਬਾਦ ਵਿਚ ਕਿਸੇ ਤਰਾਂ ਦੀ ਕਾਨੂੰਨੀ ਅੜਚਨ ਪੇਸ਼ ਨਾ ਆਵੇ।

11. ਇਸ ਦਾਖਲਾ ਪ੍ਰੋਸੀਜ਼ਰ ਵਿਚ ਦਰਜ ਕੀਤੇ ਗਏ, ਉਮੀਦਾਵਰਾਂ ਨਾਲ ਸਬੰਧਤ ਹੁਕਮ/ ਹਦਾਇਤਾਂ ਸੰਸਥਾ ਦੇ ਨੋਟਿਸ ਬੋਰਡ ਤੇ ਲਗਾਈਆਂ ਜਾਣ।

12. ਇਹ ਦਾਖਲਾ ਕਰਾਫਟਸਮੈਨ ਸਕੀਮ/ ਸੀ.ਓ.ਈ. ਸਕੀਮ/ ਆਰਟ ਤੇ ਕਰਾਫਟ ਟੀਚਰ ਟ੍ਰੇਨਿੰਗ ਕੋਰਸ/ ਪੰਜਾਬੀ ਸਟੈਨੋਗ੍ਰਾਫੀ ਕੋਰਸ ਦੇ ਉਮੀਦਵਾਰਾਂ ਨਾਲ ਸਬੰਧਤ ਹੈ। ਕਟਾਈ ਸਿਲਾਈ ਤੇ ਕਢਾਈ ਟੀਚਰ ਟ੍ਰੇਨਿੰਗ ਕੋਰਸ ਦੇ ਦਾਖਲੇ ਬਾਰੇ ਬਾਦ ਵਿਚ ਸੂਚਿਤ ਕੀਤਾ ਜਾਵੇਗਾ। ਜਿਸ ਸਬੰਧੀ ਮੌਜੂਦਾ ਨਿਤੀ ਅਨੁਸਾਰ ਹੀ ਕਾਰਵਾਈ ਕੀਤੀ ਜਾਵੇ।

13. ਦਾਖਲ ਹੋਏ ਸਿਖਿਆਰਥੀਆਂ ਦਾ PITSA ਸਬੰਧੀ 50/- ਰੁਪਏ ਪ੍ਰਤੀ ਸਿਖਿਆਰਥੀ ਸਪੋਰਟਸ ਫੰਡ, ਪੰਜਾਬ ਇੰਡਸਟ੍ਰੀਅਲ ਟ੍ਰੇਨਿੰਜ਼ ਸਪੋਰਟਸ ਐਸੋਸੀਏਸ਼ਨ (P.I.T.S.A.) ਦੇ ਨਾਮ ਦਾ ਬੈਂਕ ਡਿਮਾਂਡ ਡਰਾਫਟ, ਜੋ ਕਿ ਚੰਡੀਗੜ੍ਹ ਵਿਖੇ ਪੇਏਬਲ ਹੋਵੇ, ਵਿਭਾਗ ਦੀ ਟ੍ਰੇਨਿੰਗ ਸ਼ਾਖਾ ਪਾਸ, ਦਾਖਲਾ ਸੂਚਨਾ ਦੇ ਨਾਲ ਹੀ ਜਮਾਂ ਕਰਵਾਇਆ ਜਾਵੇ।

ਨਾਲ ਹੀ ਆਪਣੀ ਸੰਸਥਾ ਦੀ ਸਟਰੈਂਥ ਅਨੁਸਾਰ ਬਣਦੀ ਮੈਂਬਰਸ਼ਿਪ ਫੀਸ ਅਤੇ ਐਂਟਰੀ ਫੀਸ ਵੀ ਜਮਾਂ ਕਰਵਾਈ ਜਾਵੇ।

14. ਦਾਖਲਾ ਕਰਦੇ ਸਮੇਂ ਉਮੀਦਵਾਰ ਵਲੋਂ ਸਬੰਧਤ ਟਰੇਡ ਨਾਲ ਦਸਤਾਵੇਜ ਚੈਕ ਕਰਦੇ ਹੋਏ ਮੁੱਢਲੀ ਯੋਗਤਾ/ ਲਾਜ਼ਮੀ ਵਿਸ਼ੇ ਵਿਚ ਪਾਸ ਹੋਣ, ਨੂੰ ਧਿਆਨ ਵਿਚ ਰੱਖਿਆ ਜਾਵੇ।

15. ਅਨੂਸੂਚਿਤ ਜਾਤੀ ਦੇ ਸਿਖਿਆਰਥੀਆਂ ਲਈ ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ ਦੀ ਪਾਲਿਸੀ ਦੇ ਲੜੀ ਨੰ; xii ਅਨੁਸਾਰ ਵਜੀਫੇ ਲਈ ਹੇਠ ਅਨੁਸਾਰ ਵਿਚਾਰਿਆ ਜਾਵੇ:-

A scholarship holder under this scheme will not hold any other scholarship/ stipend. If awarded any other scholarship/ stipend, the student can exrecise his/ her option for either of the two scholarship/ stipends, whichever is more beneficial to his/ her and should inform the awarding authority through the head of the Institute about the option made. No scholarship will be paid to the students under this scheme from the dates he/ she accepts another scholarship/ stipend.

16. ਪਹਿਲੀ ਕੌਂਸਲਿੰਗ ਤੋਂ ਬਾਅਦ ਖਾਲੀ ਸੀਟਾਂ ਦੀ ਲਿਸਟ ਕੈਟਾਗਿਰੀ ਵਾਇਜ਼ ਅਤੇ ਟਰੇਡ ਵਾਇਜ਼ ਤਿਆਰ ਕਰਕੇ ਨੋਟਿਸ ਬੋਰਡ ਤੇ ਲਗਾਈ ਜਾਵੇ।

17. ਦਾਖਲ ਕੀਤੇ ਗਏ ਉਮੀਦਵਾਰਾਂ ਤੋਂ ਟਰੇਡ ਬਦਲਣ ਵਾਸਤੇ ਬਿਨੈ-ਪੱਤਰ ਪ੍ਰਾਪਤ ਕੀਤੇ ਜਾਣ। ਇਥੇ ਇਹ ਸਪੱਸ਼ਟ ਕੀਤਾ ਜਾਦਾ ਹੈ ਕਿ ਇਨ੍ਹਾਂ ਉਮੀਦਵਾਰਾਂ ਤੋਂ ਸਾਦੇ ਕਾਗਜ਼ ਤੇ ਬਿਨੈ-ਪੱਤਰ ਲਏ ਜਾਣ। ਸੰਸਥਾ ਵਲੋ ਜਾਰੀ ਕੀਤੇ ਗਏ ਰੋਲ ਨੰਬਰ, ਟਰੇਡ ਅਤੇ ਕੈਟਾਗਿਰੀ ਦਾ ਵੇਰਵਾ ਪ੍ਰਾਪਤ ਕੀਤਾ ਜਾਵੇ। ਇਸ ਦੇ ਨਾਲ ਹੀ ਜਿਸ ਟਰੇਡ ਵਿੱਚ ਉਮੀਦਵਾਰ ਦਾਖਲਾ ਲੈਣ ਚਾਹੁੰਦਾ ਹੈ। ਉਸ ਦਾ ਵੇਰਵਾ ਵੀ ਪ੍ਰਾਪਤ ਕੀਤਾ ਜਾਵੇ। ਇਥੇ ਇਹ ਵੀ ਸਪੱਸ਼ਟ ਕੀਤਾ ਜਾਂਦਾ ਹੈ ਕਿ ਟਰੇਡ ਬਦਲਣ ਸਮੇਂ ਦਾਖਲੇ ਦੀਆਂ ਮੁਢਲੀ ਯੋਗਤਾਵਾਂ ਨੂੰ ਧਿਆਨ ਵਿੱਚ ਰੱਖਣਾ ਜ਼ਰੂਰੀ ਹੈ।

18. ਕੈਟਾਗਿਰੀ ਵਾਈਜ਼ ਲਿਸਟ ਤਿਆਰ ਕੀਤੀ ਜਾਵੇ ਅਤੇ ਨਾਲ ਹੀ ਮੈਰਿਟ ਵਾਈਜ਼ ਟਰੇਡ ਬਦਲਣ ਦੀ ਪ੍ਰਵਾਨਗੀ ਪ੍ਰਿੰਸੀਪਲ-ਕਮ-ਮੈਂਬਰ ਸੈਕਟਰੀ ਦਾਖਲਾ ਚੋਣ ਕਮੇਟੀ ਪਾਸੋਂ ਪ੍ਰਾਪਤ ਕੀਤੀ ਜਾਵੇ। ਇਹ ਕਾਰਵਾਈ ਤੀਜੀ ਕੋਸਲਿੰਗ ਤੋਂ ਪਹਿਲਾਂ ਹੋਣੀ ਚਾਹੀਦੀ ਹੈ।

19. ਟਰੇਡ ਬਦਲਣ ਉਪਰੰਤ ਖਾਲੀ ਸੀਟਾਂ ਦੀ ਲਿਸਟ ਕੈਟਾਗਿਰੀ ਵਾਇਜ਼ ਅਤੇ ਟਰੇਡ ਵਾਇਜ਼ ਦੂਜੀ ਅਤੇ ਤੀਜੀ ਕੌਂਸਲਿੰਗ ਤੋਂ ਪਹਿਲਾਂ ਪ੍ਰਿੰਸੀਪਲ-ਕਮ-ਮੈਂਬਰ ਸੈਕਟਰੀ ਦਾਖਲਾ ਚੋਣ ਕਮੇਟੀ ਤੋਂ ਤਸਦੀਕ ਕਰਵਾਕੇ ਨੋਟਿਸ ਬੋਰਡ ਤੇ ਲਗਾਈ ਜਾਵੇ ਤਾਂ ਜੋ ਉਮੀਦਵਾਰ ਆਪਣੀ ਮਰਜੀ ਅਨੁਸਾਰ ਟਰੇਡ ਵਿੱਚ ਦਾਖਲਾ ਲੈ ਸਕੇ।

20. ਟਰੇਡ ਤਬਦੀਲ ਕਰਨ ਦੀ ਆਗਿਆ ਤੋਂ ਪਹਿਲਾਂ ਇਹ ਯਕੀਨੀ ਬਣਾਇਆ ਜਾਵੇ ਕਿ ਸਬੰਧਤ ਟਰੇਡ ਵਿੱਚ ਉਮੀਦਵਾਰ ਦੀ ਮੈਰਿਟ ਡਿਸਟਰਬ ਨਾ ਹੋਵੇ। ਇਹ ਸਾਰੀ ਜਿੰਮੇਵਾਰੀ ਸੰਸਥਾ ਦੇ ਮੁੱਖੀ/ ਮੈਬਰ ਸੈਕਟਰੀ ਦਾਖਲਾ ਚੋਣ ਕਮੇਟੀ ਦੀ ਹੋਵੇਗੀ।

21. ਜਿਨ੍ਹਾਂ ਸੰਸਥਾਵਾਂ ਵਿੱਚ ਸੈਂਟਰ ਆਫ ਐਕਸਲੀਲੈਂਸ਼ ਸਕੀਮ ਅਧੀਨ ਵੱਖ-ਵੱਖ ਸੈਕਟਰਾਂ ਵਿੱਚ ਦਾਖਲਾ ਕੀਤਾ ਜਾਣਾ ਹੈ, ਉਨ੍ਹਾਂ ਸੈਕਟਰਾਂ ਲਈ ਸਬੰਧਤ ਸੰਸਥਾਵਾਂ ਦੇ ਯੂਨਿਟ/ ਟ੍ਰੇਡਾਂ ਨੂੰ ਸੀ.ਓ.ਈ. ਸੈਕਟਰ ਅਧੀਨ ਲਿਆਂਦਾ ਗਿਆ ਹੈ। ਇਸ ਲਈ ਸਬੰਧੀ ਵੱਖਰੀਆਂ ਹਦਾਇਤਾਂ ਜਾਰੀ ਕੀਤੀਆਂ ਗਈਆਂ ਹਨ। ਉਨ੍ਹਾਂ ਅਧੀਨ ਇਨ੍ਹਾਂ ਟ੍ਰੇਡਾਂ ਵਿੱਚ ਸਬੰਧਤ ਸੰਸਥਾਵਾਂ ਆਪਣੀ-ਆਪਣੀ ਸੰਸਥਾ ਵਿੱਚ ਦਾਖਲਾ ਨਹੀਂ ਕਰਨਗੇ।

ANNEXURE- (ਓ) (SPECIMEN)

SELECTION/ MERIT LIST

| Sr. No. | Name of Trade | No. Of seats to be filled | Sr. No. Of Selected Candidates in the merit list. |
|---|---|---|---|
| | | | General Category |

**NOTE:** IF ADMISSION IS TO BE MADE BY MORE THAN ONE UNIT OF A TRADE THE INFORMATION BE IN CORPORATED UNIT.

ANNEXURE- (ਅ) (SPECIMEN)
SLIP FOR INTERVIEW

INDUSTRIAL TRAINING INSTITUTE / INDUSTRIAL TRAINING CENTRE/ GOVT. INDUSTRIAL SCHOOL (BOYS) / GOVT. INDUSTRIAL SCHOOL FOR GIRLS / JUNIOR TECHNICAL SCHOOLS.

Sh./Miss. ________________________S/O _______________

D/O __________________ Shri _________________________ appear at Sr. No.

_______________ of the merit list. The following certificates in original have been

checked and found correct as mentioned in admission form.

1 Metric / 10th class under 10+2 System.

2 Date of Birth Certificate.

3 Detailed marks Certificate
(if he / she has passed in the compulsory subjects)

4 Reserved category certificate issued.

Category ________________.

Signature of Superintendent/Center -------------------------------------

**<u>NOTE: -</u>** THIS SLIP IS MEANT FOR ALLOWING THE CANDIDATE TO APPEAR IN THE INTERVIEW BEFORE THE SELECTION COMMITTEE AND IT CAN NOT BE TAKEN AS PROOF OF HIS ATTENDANCE IN INTERVIEW.

ROLL NO. SLIP FOR THE SELECTED CANDIDATES.

NAME OF THE INSTITUTE.......................................................................

Ceriffied that Sh/Miss...........................S/o D/o Shri...........................as per merit list Sr. No...........................His/Her Sr. No is selection llist finalised by the Selection Committee is.......................

Cashier to receive Rs.50/- (Rs. Fifty Only) as caution money from him/her reverse.

Training Clerk to take his original Cerficates in possession to be stamped on reverse.

G.I. / Instructor admit him in.........................Trade after compliance of order by cashier and Training Clerk.

Office Supdt.
(Singatute)

Cashier
Teraining Clerk
Group Instructor
Instructor

Received Rs. 50/- (Rs Fifty Only) as caution money from.......................Original Certificate stampepd on the back.

Training Clerk

Admitted in...................................Trade against Roll No......................

CHECKED
..........................................................................................................................
Instructor

Group Instructor

Instructor

ਤਕਨੀਕੀ ਸਿਖਿਆ ਅਤੇ ਉਦਯੋਗਿਕ ਸਿਖਲਾਈ ਵਿਭਾਗ, ਪੰਜਾਬ।
ਤਕਨੀਕੀ ਸਿਖਿਆ ਭਵਨ, ਪਲਾਟ ਨੰ; 1-ਏ, ਸੈਕਟਰ 36-ਏ, ਚੰਡੀਗੜ੍ਹ।
ਫੋਨ ਨੰ: 0172-2614031, 2614696, ਫੈਕਸ 0172-2614622

ਵੈਬ ਸਾਈਟ: www.dtepunjab.gov.in

## ਸੈਂਟਰ ਆਫ ਐਕਸੀਲੈਂਸ ਸਕੀਮ

ਡਾਇਰੈਕਟਰ ਜਨਰਲ ਇੰਪਲਾਈਮੈਂਟ ਐਂਡ ਟ੍ਰੇਨਿੰਗ, ਭਾਰਤ ਸਰਕਾਰ ਵਲੋਂ ਸੈਂਟਰ ਆਫ ਐਕਸੀਲੈਂਸ ਸਕੀਮ Upgradation of ITIs into Centre of Excellence ਨੂੰ ਪਹਿਲੇ ਫੇਜ਼ ਵਿਚ ਸਾਰੇ ਭਾਰਤ ਵਿਚ 100 ਆਈ.ਟੀ.ਆਈਜ਼ ਵਿਚ ਲਾਗੂ ਕਰਨ ਲਈ ਸ਼ੁਰੂ ਕੀਤੀ ਹੈ। ਇਸ ਸਕੀਮ ਵਿਚ ਅਪਗਰੇਡ ਕਰਨ ਲਈ ਪੰਜਾਬ ਰਾਜ ਵਿਚੋਂ 10 ਸੰਸਥਾਵਾਂ ਨੂੰ ਚੁਣਿਆ ਗਿਆ ਹੈ। ਇਸ ਸਕੀਮ ਨੂੰ ਲਾਗੂ ਕਰਨ ਲਈ ਮਾਨਯੋਗ ਵਿੱਤ ਮੰਤਰੀ ਸ੍ਰੀ ਪੀ.ਚਿੰਦਮਬਰਮ ਵਲੋਂ ਸਾਲ 2005-06 ਲਈ ਆਪਣੇ ਬਜਟ ਭਾਸਣ ਵਿਚ ਘੋਸ਼ਣਾ ਕੀਤੀ ਗਈ ਸੀ। ਇਹ ਸਕੀਮ ਉਦਯੋਗਿਕ ਜਗਤ ਅਤੇ ਸਰਵਿਸ ਸੈਕਟਰ ਲਈ ਕੁਸ਼ਲ ਕਾਰੀਗਰਾਂ ਦੀ ਮੰਗ ਅਤੇ ਮੌਜੂਦਾ ਉਦਯੋਗਿਕ ਸਿਖਲਾਈ ਸੰਸਥਾਵਾਂ ਵਿਚ ਦਿੱਤੀ ਜਾਣ ਵਾਲੀ ਟ੍ਰੇਨਿੰਗ ਦੇ ਅੰਤਰ ਨੂੰ ਪੂਰਾ ਕਰਨ ਲਈ ਸ਼ੁਰੂ ਕੀਤੀ ਗਈ ਹੈ। ਇਸ ਸਕੀਮ ਦੇ ਮੁੱਖ ਅੰਸ਼ ਇਸ ਤਰ੍ਹਾ ਹਨ:-

### 1. ਸਕੀਮ ਦਾ ਉਦੇਸ਼

ਇਸ ਸਕੀਮ ਦਾ ਮੁੱਖ ਉਦੇਸ਼ ਹੈ ਕਿ ਮੌਜੂਦਾ ਉਦਯੋਗਿਕ ਸਿਖਲਾਈ ਸੰਸਥਾਵਾਂ ਨੂੰ ਸੈਂਟਰ ਆਫ ਐਸਕੀਲੈਂਸ ਵਿਚ ਅੱਪਗਰੇਡ ਕਰਨਾ ਹੈ, ਜੋ ਉਦਯੋਗਿਕ ਜਗਤ ਦੀਆਂ ਲੋੜਾ ਨੂੰ ਮੁੱਖ ਰੱਖਦੇ ਹੋਏ ਮਲਟੀ ਸਕਿਲਡ ਮਡਿਊਲਰ ਕੋਰਸਾਂ ਨੂੰ ਸ਼ੁਰੂ ਕਰਕੇ ਸੰਸਾਰ ਪੱਧਰ ਦੀ ਮਲਟੀ ਸਕਿਲਡ ਵਰਕਫੋਰਸ ਤਿਆਰ ਕੀਤੀ ਜਾ ਸਕੇ। ਸੰਸਥਾਵਾਂ ਦੇ ਮੌਜੂਦਾ ਇੰਨਫਰਾਸਟਰਕਚਰ ਜਿਵੇਂ ਇਮਾਰਤਾਂ, ਮਸ਼ੀਨਰੀ ਅਤੇ ਇਕਊਪਮੈਂਟ ਆਦਿ ਦੀ ਹਾਲਤ ਸੁਧਾਰਨੀ, ਉਦਯੋਗ ਜਗਤ ਦੀ ਸਮੂਲੀਅਤ, ਲੋੜ ਅਨੁਸਾਰ ਨਵੀਂ ਟ੍ਰੇਨਿੰਗ ਤਕਨੀਕ ਨੂੰ ਅਪਨਾਉਣ ਅਤੇ ਨਵੇਂ ਟ੍ਰੇਨਿੰਗ ਪ੍ਰੋਗਰਾਮ ਨੂੰ ਲਾਗੂ ਕਰਨਾ। ਸੈਂਟਰ ਆਫ ਐਕਸੀਲੈਂਸ ਸਕੀਮ ਅਧੀਨ ਆਉਂਦੀਆ ਸੰਸਥਾਵਾਂ ਨੂੰ ਸਵੈ-ਨਿਰਭਰ ਬਣਾਉਣਾ, ਨੇੜੇ ਦੇ ਉਦਯੋਗਾਂ ਨਾਲ ਤਾਲਮੇਲ ਕਰਨਾ ਅਤੇ ਸੰਸਥਾ ਲਈ ਮੈਨਜਮੈਂਟ ਕਮੇਟੀ ਦਾ ਗਠਨ ਕਰਨਾ ਤਾਂ ਜੋ ਟ੍ਰੇਨਿੰਗ ਉਦਯੋਗਾਂ ਦੀ ਮੰਗ ਅਨੁਸਾਰ ਦਿੱਤੀ ਜਾਵੇ।

### 2. ਇੰਸਟੀਚਿਊਟ ਮੈਨਜਮੈਂਟ ਕਮੇਟੀ (ਆਈ.ਐਮ.ਸੀ)

ਸੈਂਟਰ ਆਫ ਐਕਸੀਲੈਂਸੀ ਸਕੀਮ ਅਧੀਨ ਆਉਣ ਵਾਲੀਆਂ ਸੰਸਥਾਵਾਂ ਵਿਚ ਉਦਯੋਗਾਂ ਦੀ ਸਮੂਲੀਅਤ ਇੰਸਟੀਚਿਊਟ ਮੈਨਜਮੈਂਟ ਕਮੇਟੀ (ਆਈ.ਐਮ.ਸੀ.) ਦੇ ਰਾਹੀਂ ਹੋਵੇਗੀ ਤਾਂ ਜੋ ਇਸ ਸਕੀਮ ਦੇ ਡਿਜ਼ਾਈਨ ਦੇ ਹਰ ਪੜਾਅ ਨੂੰ ਲਾਗੂ ਕਰਨ ਲਈ ਇੰਡਸਟਰੀ ਦਾ ਪੂਰਾ ਸਹਿਯੋਗ ਮਿਲ ਸਕੇ। ਇੰਸਟੀਚਿਊਟ ਮੈਨਜਮੈਂਟ ਕਮੇਟੀ ਵਿਚ ਰਾਜ ਸਰਕਾਰ ਦੇ ਨੁਮਾਇੰਦੇ, ਉਘੇ ਉਦਯੋਗਪਤੀ ਆਦਿ ਮੈਂਬਰ ਹੋਣਗੇ ਅਤੇ ਉਦਯੋਗਪਤੀ ਇਸ ਦਾ ਚੇਅਰਮੈਨ ਹੋਵੇਗਾ।

### 3. ਕੋਰਸ ਦਾ ਢਾਂਚਾ

ਪਹਿਲੇ ਸਾਲ ਵੱਖ-ਵੱਖ ਖੇਤਰਾਂ ਨਾਲ ਆਧਾਰਿਤ ਬਰਾਡ ਬੇਸਡ ਬੇਸਿਕ ਟ੍ਰੇਨਿੰਗ (ਬੀ.ਬੀ.ਬੀ.ਟੀ) ਦਿੱਤੀ ਜਾਣੀ ਹੈ। ਇਸਤੋਂ ਇਲਾਵਾ ਹੋਰ ਘੱਟ ਸਮੇਂ ਦੇ ਮਡਿਊਲਰ ਕੋਰਸ (ਅਡਵਾਂਸ ਕੋਰਸ) ਹਨ ਜੋ ਬੇਸ੍ਰਿਕ ਟ੍ਰੇਨਿੰਗ ਤੋਂ ਬਾਅਦ ਕਰਵਾਏ ਜਾਣਗੇ। ਇਹਨਾਂ ਦਾ ਸਮਾਂ 6 ਮਹੀਨੇ ਦਾ ਹੋਵੇਗਾ। ਵਿਦਿਆਰਥੀਆਂ ਦੀ ਇਕ ਸਾਲ ਦੀ ਬੀ.ਬੀ.ਬੀ.ਟੀ ਟ੍ਰੇਨਿੰਗ ਅਤੇ ਇਸ ਤੋਂ ਬਾਅਦ 6 ਮਹੀਨੇ ਦੇ ਅਡਵਾਂਸ ਮਡਿਊਲਰ ਕੋਰਸਾਂ ਦਾ ਟ੍ਰੇਡ ਟੈਸਟ ਨੈਸ਼ਨਲ ਲੈਵਲ ਤੇ ਲਏ ਜਾਣਗੇ, ਜੋ ਐਸ.ਸੀ.ਵੀ.ਟੀ. ਦੇ ਅਧੀਨ ਹੋਣਗੇ। ਟ੍ਰੇਨਿੰਗ ਦੇ ਆਖਰੀ 6 ਮਹੀਨੇ ਦੇ ਪੜਾਅ ਸਪੈਸ਼ਲਾਈਜ਼ਡ ਮਡਿਊਲਰਜ਼ ਵਿਚ ਲੋਕਲ ਇੰਡਸਟਰੀ ਦੀ ਲੋੜ ਅਨੁਸਾਰ ਕੁਝ ਕੋਰਸਾਂ ਦਾ ਵੀ ਆਯੋਜਨ ਕੀਤਾ ਜਾਵੇਗਾ। ਜਿਨ੍ਹਾਂ ਦੇ ਟੈਸਟ ਅਤੇ ਸਰਟੀਫਿਕੇਟ ਆਦਿ ਰਾਜ ਸਰਕਾਰ ਅਤੇ ਉਦਯੋਗਾਂ ਦੁਆਰਾ ਸਾਂਝੇ ਤੌਰ ਤੇ ਦਿੱਤੇ ਜਾਣਗੇ। ਇਨਾਂ ਸਰਟੀਫਿਕੇਟਾਂ ਨੂੰ ਨੈਸ਼ਨਲ ਕੌਂਸ਼ਲ ਵਾਰ ਵੋਕੇਸ਼ਨਲ ਟ੍ਰੇਨਿੰਗ (ਐਨ.ਸੀ.ਵੀ.ਟੀ) ਦਿੱਲੀ ਵਲੋਂ ਮਾਨਤਾ ਮਿਲੇਗੀ।

### 4. ਮਲਟੀ ਐਂਟਰੀ ਅਤੇ ਮਲਟੀ ਐਗਜ਼ਿਟ ਪ੍ਰੋਵੀਜ਼ਨ

ਟ੍ਰੇਨਿੰਗ ਪ੍ਰੋਗਰਾਮ ਵਿਚ ਮਲਟੀ ਐਂਟਰੀ ਅਤੇ ਮਲਟੀ ਐਗਜ਼ਿਟ ਪ੍ਰੋਵੀਜ਼ਨ ਇਸ ਤਰ੍ਹਾ ਹੋਵੇਗੀ:-

1. ਸਿਖਿਆਰਥੀ ਇਕ ਸਾਲ ਦੀ ਬਰਾਡ ਬੇਸਡ ਟ੍ਰੇਨਿੰਗ ਜਾਂ ਡੇਢ ਸਾਲ ਦੀ ਟ੍ਰੇਨਿੰਗ ਪੂਰੀ ਕਰਨ ਤੋਂ ਬਾਅਦ ਆਪਦੇ ਰੋਜ਼ਗਾਰ ਲੈਣ ਲਈ ਮਾਰਕਿਟ ਵਿਚ ਜਾ ਸਕਦਾ ਹੈ।

2. ਸਿਖਿਆਰਥੀ ਕਿਸੇ ਸਮੇਂ ਵੀ ਦੋਬਾਰਾ ਅਡਵਾਂਸ/ਸਪੈਸ਼ਲ ਮਡਿਊਲ ਦੀ ਟ੍ਰੇਨਿਗ ਲੈ ਸਕਦਾ ਹੈ।
3. ਮੌਜੂਦਾ ਪ੍ਰਣਾਲੀ ਅਧੀਨ ਕਿਸੇ ਖਾਸ ਟ੍ਰੇਡ ਵਿਚ ਆਈ.ਟੀ.ਆਈ ਪਾਸ ਸਿਖਿਆਰਥੀ ਵੀ ਅਡਵਾਂਸ/ਸਪੈਸ਼ਲ ਮਡਿਊਲ ਵਿਚ ਦਾਖਲਾ ਲੈ ਸਕਦੇ ਹਨ।

5. **ਟ੍ਰੇਨਿੰਗ ਦਾ ਸਮਾਂ**

ਬਰਾਡ ਬੇਸਡ ਬੇਸਿਕ ਟ੍ਰੇਨਿੰਗ ਦੇ ਛੇ ਮਡਿਊਲ ਹੋਣਗੇ ਅਤੇ ਹਰੇਕ ਮਡਿਊਲ ਦੀ ਟ੍ਰੇਨਿੰਗ ਦਾ ਸਮਾਂ 8 ਹਫਤੇ ਦਾ ਹੋਵੇਗਾ। ਪ੍ਰੈਕਟੀਕਲ ਟ੍ਰੇਨਿੰਗ 28 ਘੰਟੇ/ ਹਫਤਾ ਅਤੇ ਟ੍ਰੇਡ ਥਿਊਰੀ 4 ਘੰਟੇ/ ਹਫਤਾ ਪੜ੍ਹਾਏ ਜਾਣਗੇ। ਇਸ ਤੋਂ ਇਲਾਵਾ ਜਨਰਲ ਮਡਿਊਲ ਵੀ ਸਾਰਾ ਸਾਲ ਪੜ੍ਹਾਏ ਜਾਣਗੇ। ਲਾਇਬ੍ਰੇਰੀ ਸਟੱਡੀ ਅਤੇ ਸਿਹਤ ਸਿੱਖਿਆ ਲਈ 4 ਘੰਟੇ/ ਹਫਤਾ ਹੋਣਗੇ, ਜੋ ਸਾਰਾ ਸਾਲ ਚਲਣਗੇ।

6. **ਯੋਗਤਾ 10+2 ਪ੍ਰਣਾਲੀ ਅਧੀਨ ਦਸਵੀਂ ਪਾਸ**

7. **ਬੈਚ ਸਾਈਜ਼: ਇਕ ਗਰੁੱਪ ਵਿਚ ਕੁੱਲ 16 ਸਿਖਿਆਰਥੀ ਅਤੇ ਕੁਲ 6 ਗਰੁੱਪ ਹੋਣਗੇ।**

8. **ਦਾਖਲਾ**

ਬਰਾਡ ਬੇਸਡ ਬੇਸਿਕ ਟ੍ਰੇਨਿੰਗ ਲਈ ਦਾਖਲਾ ਸੈਸ਼ਨ 2009 ਵਿਚ ਹੇਠ ਲਿਖੇ ਸੈਂਟਰ ਆਫ ਐਕਸੀਲੈਂਸ ਵਿਚ ਕਰਨ ਦੀ ਤਜਵੀਜ਼ ਹੈ:-

| ਲੜੀ ਨੰ: | ਸੈਕਟਰ ਦਾ ਨਾਂ | ਸੰਸਥਾ ਦਾ ਨਾਮ |
|---|---|---|
| 1. | ਪ੍ਰੋਡਕਸ਼ਨ ਅਤੇ ਮੈਨੂਫੈਕਚਰਿੰਗ | ਸਰਕਾਰੀ ਉਦਯੋਗਿਕ ਸਿਖਲਾਈ ਸੰਸਥਾ, ਲੁਧਿਆਣਾ। |
| 2. | ਇਲੈਕਟ੍ਰੀਕਲ | ਸਰਕਾਰੀ ਉਦਯੋਗਿਕ ਸਿਖਲਾਈ ਸੰਸਥਾ, ਰੋਪੜ। |
| 3. | ਪ੍ਰੋਡਕਸ਼ਨ ਅਤੇ ਮੈਨੂਫੈਕਚਰਿੰਗ | ਸਰਕਾਰੀ ਉਦਯੋਗਿਕ ਸਿਖਲਾਈ ਸੰਸਥਾ, ਬਸੀ ਪਠਾਣਾ। |
| 4. | ਆਟੋਮੋਬਾਇਲ | ਸਰਕਾਰੀ ਉਦਯੋਗਿਕ ਸਿਖਲਾਈ ਸੰਸਥਾ, ਹੁਸ਼ਿਆਰਪੁਰ। |
| 5. | ਇੰਨਫਰਮੇਸ਼ਨ ਟੈਕਨਾਲੌਜੀ | ਸਰਕਾਰੀ ਉਦਯੋਗਿਕ ਸਿਖਲਾਈ ਸੰਸਥਾ (ਇ:), ਫੇਜ਼-5, ਮੋਹਾਲੀ। |
| 6. | ਰੈਫਰੀਜ਼ਰੇਸ਼ਨ ਅਤੇ ਏਅਰ ਕੰਡੀਸ਼ਨ | ਸਰਾਕਰੀ ਉਦਯੋਗਿਕ ਸਿਖਲਾਈ ਸੰਸਥਾ, ਨਾਭਾ ਰੋਡ, ਪਟਿਆਲਾ। |
| 7. | ਫੈਬਰੀਕੇਸ਼ਨ (ਫਿਟਿੰਗ ਅਤੇ ਵੈਲਡਿੰਗ) | ਸਰਕਾਰੀ ਉਦਯੋਗਿਕ ਸਿਖਲਾਈ ਸੰਸਥਾ, ਰਾਜਪੁਰਾ। |
| 8. | ਇਲੈਕਟ੍ਰਾਨਿਕਸ | ਸਰਕਾਰੀ ਉਦਯੋਗਿਕ ਸਿਖਲਾਈ ਸੰਸਥਾ, ਗੁਰਦਾਸਪੁਰ। |
| 9. | ਐਪਰਲ | ਸਰਕਾਰੀ ਉਦਯੋਗਿਕ ਸਿਖਲਾਈ ਸੰਸਥਾ (ਇ:), ਜਲੰਧਰ। |
| 10. | ਫੈਬਰੀਕੇਸ਼ਨ (ਫਿਟਿੰਗ ਅਤੇ ਵੈਲਡਿੰਗ) | ਸਰਕਾਰੀ ਉਦਯੋਗਿਕ ਸਿਖਲਾਈ ਸੰਸਥਾ, ਫਰੀਦਕੋਟ। |
| 11. | ਐਗਰੀਕਲਚਰ ਮਸ਼ੀਨਰੀ | ਸਰਕਾਰੀ ਉਦਯੋਗਿਕ ਸਿਖਲਾਈ ਸੰਸਥਾ, ਸੁਨਾਮ। |
| 12. | ਐਪਰਲ | ਸਰਕਾਰੀ ਉਦਯੋਗਿਕ ਸਿਖਲਾਈ ਸੰਸਥਾ (ਇ:), ਖਿਓਵਾਲੀ। |
| 13. | ਆਟੋ ਮੋਬਾਇਲ | ਸਰਕਾਰੀ ਉਦਯੋਗਿਕ ਸਿਖਲਾਈ ਸੰਸਥਾ, ਮੋਗਾ। |
| 14. | ਆਟੋ ਮੋਬਾਇਲ | ਸਰਕਾਰੀ ਉਦਯੋਗਿਕ ਸਿਖਲਾਈ ਸੰਸਥਾ, ਬਟਾਲਾ। |
| 15. | ਕੈਮੀਕਲ | ਸਰਕਾਰੀ ਉਦਯੋਗਿਕ ਸਿਖਲਾਈ ਸੰਸਥਾ, ਨਵਾਂ ਸ਼ਹਿਰ। |
| 16. | ਇਲੈਕਟ੍ਰੀਕਲ | ਸਰਕਾਰੀ ਉਦਯੋਗਿਕ ਸਿਖਲਾਈ ਸੰਸਥਾ, ਬਠਿੰਡਾ। |
| 17. | ਇਲੈਕਟ੍ਰੀਕਲ | ਸਰਕਾਰੀ ਉਦਯੋਗਿਕ ਸਿਖਲਾਈ ਸੰਸਥਾ, ਪਠਾਨਕੋਟ। |
| 18. | ਫੈਬਰੀਕੇਸ਼ਨ (ਫਿਟਿੰਗ ਅਤੇ ਵੈਲਡਿੰਗ) | ਸਰਕਾਰੀ ਉਦਯੋਗਿਕ ਸਿਖਲਾਈ ਸੰਸਥਾ, ਸਮਰਾਲਾ। |
| 19. | ਪ੍ਰੋਡਕਸ਼ਨ ਅਤੇ ਮੈਨੂਫੈਕਚਰਿੰਗ | ਸਰਕਾਰੀ ਉਦਯੋਗਿਕ ਸਿਖਲਾਈ ਸੰਸਥਾ, ਫਗਵਾੜਾ। |
| 20. | ਰੈਫਰੀਜ਼ਰੇਸ਼ਨ ਅਤੇ ਏਅਰ ਕੰਡੀਸ਼ਨ | ਸਰਕਾਰੀ ਉਦਯੋਗਿਕ ਸਿਖਲਾਈ ਸੰਸਥਾ, ਫਿਰੋਜਪੁਰ। |
| 21. | ਟੈਕਸਟਾਇਲ ਪ੍ਰੋਸੈਸਿੰਗ ਐਂਡ ਟੈਕਨਾਲੋਜੀ | ਸਰਕਾਰੀ ਉਦਯੋਗਿਕ ਸਿਖਲਾਈ ਸੰਸਥਾ, ਲਾਲੜੂ। |
| 22. | ਫੈਬਰੀਕੇਸ਼ਨ (ਫਿਟਿੰਗ ਅਤੇ ਵੈਲਡਿੰਗ) | ਸਰਕਾਰੀ ਉਦਯੋਗਿਕ ਸਿਖਲਾਈ ਸੰਸਥਾ, ਨੰਗਲ। |

| | | |
|---|---|---|
| 23. | ਐਗਰੀਕਲਚਰ ਮਸ਼ੀਨਰੀ | ਸਰਕਾਰੀ ਉਦਯੋਗਿਕ ਸਿਖਲਾਈ ਸੰਸਥਾ, ਪੱਟੀ। |
| 24. | ਫੂਡ ਪ੍ਰੋਸੈਸਿੰਗ | ਸਰਕਾਰੀ ਉਦਯੋਗਿਕ ਸਿਖਲਾਈ ਸੰਸਥਾ, ਨਾਭਾ। |
| 25. | ਫੈਬਰੀਕੇਸ਼ਨ | ਸਰਕਾਰੀ ਉਦਯੋਗਿਕ ਸਿਖਲਾਈ ਸੰਸਥਾ, ਬੁਡਲਾਢਾ। |
| 26. | ਰੈਫਰੀਜ਼ਰੇਸ਼ਨ ਅਤੇ ਏਅਰ ਕੰਡੀਸ਼ਨ | ਸਰਕਾਰੀ ਉਦਯੋਗਿਕ ਸਿਖਲਾਈ ਸੰਸਥਾ, ਤਲਵਾੜਾ। |
| 27. | ਫੈਬਰੀਕੇਸ਼ਨ | ਸਰਕਾਰੀ ਉਦਯੋਗਿਕ ਸਿਖਲਾਈ ਸੰਸਥਾ, ਕਪੂਰਥਲਾ। |
| 28. | ਅਪ ਗਰੇਡੇਸ਼ਨ | ਸਰਕਾਰੀ ਉਦਯੋਗਿਕ ਸਿਖਲਾਈ ਸੰਸਥਾ, ਫਾਜਿਲਕਾ। |
| 29. | ਟੂਰਿਜ਼ਮ | ਸਰਕਾਰੀ ਉਦਯੋਗਿਕ ਸਿਖਲਾਈ ਸੰਸਥਾ, ਅੰਮ੍ਰਿਤਸਰ। |
| 30. | ਅਪ ਗਰੇਡੇਸ਼ਨ | ਸਰਕਾਰੀ ਉਦਯੋਗਿਕ ਸਿਖਲਾਈ ਸੰਸਥਾ, (ਇ:), ਅੰਮ੍ਰਿਤਸਰ। |
| 31. | ਕੰਸਟਰਕਸ਼ਨ ਐਂਡ ਵੁਡ ਵਰਕਿੰਗ | ਸਰਕਾਰੀ ਉਦਯੋਗਿਕ ਸਿਖਲਾਈ ਸੰਸਥਾ, ਕਲਾਨੌਰ। |
| 32. | ਫੈਬਰੀਕੇਸ਼ਨ (ਫਿਟਿੰਗ ਅਤੇ ਵੈਲਡਿੰਗ) | ਸਰਕਾਰੀ ਉਦਯੋਗਿਕ ਸਿਖਲਾਈ ਸੰਸਥਾ, (ਐਸ.ਸੀ.) ਗੜ੍ਹਸ਼ੰਕਰ ਐਟ ਬਗਵਾਈਂ। |
| 33. | ਫੈਬਰੀਕੇਸ਼ਨ (ਫਿਟਿੰਗ ਅਤੇ ਵੈਲਡਿੰਗ) | ਸਰਕਾਰੀ ਉਦਯੋਗਿਕ ਸਿਖਲਾਈ ਸੰਸਥਾ, ਕਾਦੀਆਂ। |
| 34. | ਫੈਬਰੀਕੇਸ਼ਨ (ਫਿਟਿੰਗ ਅਤੇ ਵੈਲਡਿੰਗ) | ਸਰਕਾਰੀ ਉਦਯੋਗਿਕ ਸਿਖਲਾਈ ਸੰਸਥਾ, ਸਰਹਾਲੀ। |
| 35. | ਇੰਫਰਮੇਸ਼ਨ ਟੈਕਨਾਲੋਜੀ | ਮਿਹਰਚੰਦ ਉਦਯੋਗਿਕ ਸਿਖਲਾਈ ਸੰਸਥਾ, ਜਲੰਧਰ। |

ਦਾਖਲੇ ਦੀਆਂ ਮਿਤੀਆਂ ਸਬੰਧੀ ਵਿਗਿਆਪਨ ਉਘੇ ਅਖਬਾਰਾਂ ਵਿਚ ਛਾਪਿਆ ਜਾਵੇਗਾ।

## 9. ਇੰਨਫਰਾਸਟਰਕਚਰ

ਹਰੇਕ ਸੈਂਟਰ ਆਫ ਐਕਸੀਲੈਂਸ ਲਈ ਖੁਲ੍ਹੀਆਂ ਅਤੇ ਹਵਾਦਾਰ ਇਮਾਰਤਾਂ ਮੁਹੱਈਆ ਕਰਵਾਈਆਂ ਗਈਆਂ ਹਨ। ਜਿਨ੍ਹਾਂ ਵਿਚ ਸਾਰੀਆਂ ਆਧੁਨਿਕ ਸਹੂਲਤਾਂ ਜਿਵੇਂ ਪੀਣ ਵਾਲਾ ਸਾਫ ਪਾਣੀ, ਪਖਾਨੇ ਆਦਿ ਮੌਜੂਦ ਹਨ।

ਥਿਊਰੀ ਦੀ ਕਲਾਸ ਦੇ ਕਮਰਿਆਂ ਵਿਚ ਅਤਿ ਆਧੁਨਿਕ ਸਹੂਲਤਾਂ ਜਿਵੇਂ ਆਡੀਓ ਵਿਜ਼ੂਅਲ ਏਡ, ਪ੍ਰੋਜੈਕਟਰ / ਏਪੀਡਾਇਆ ਸਕੋਪ, ਲੈਪਟਾਪ ਕੰਪਿਊਟਰ, ਐਲ.ਸੀ.ਡੀ. ਪ੍ਰੋਜੈਕਟਰ, ਚੁੰਬਕੀ ਸਫੇਦ ਬੋਰਡ, ਫਲਿਪ ਚਾਰਟ ਆਦਿ ਹੋਣਗੇ। ਦੂਸਰੇ ਇਕਊਪਮੈਂਟ ਜਿਵੇਂ ਸਕੈਨਰ, ਫੋਟੋ ਕਾਪੀ ਮਸ਼ੀਨ, ਕੰਪਿਊਟਰ, ਪ੍ਰਿੰਟਰ, ਫੁਟਕਲ ਵਸਤਾਂ, ਫਰਨੀਚਰ ਅਤੇ ਇੰਟਰਨੈੰਟ ਕਨੈਕਸ਼ਨ ਆਦਿ ਵੀ ਮੁਹੱਈਆ ਕਰਵਾਏ ਗਏ ਹਨ। ਸੈਂਟਰ ਆਫ ਐਕਸੀਲੈਂਸੀ ਨਾਲ ਸਬੰਧਤ ਵਰਕਸ਼ਾਪਾਂ ਵਿਚ ਅਤਿ ਆਧੁਨਿਕ ਮਸ਼ੀਨਰੀ ਹੋਵੇਗੀ। ਸਾਰੇ ਸੈਂਟਰ ਆਫ ਐਕਸੀਲੈਂਸ ਕੇਂਦਰਾਂ ਵਿਚ ਇਕ ਲਾਇਬਰੇਰੀ ਜਿਸ ਵਿਚ ਇੰਨਸਟਰਕਸ਼ਨਲ ਮੈਟੀਰੀਅਲ, ਆਧੁਨਿਕ ਕਿਤਾਬਾਂ, ਮਹੀਨਾਵਾਰ ਮੈਗਜ਼ੀਨ ਅਤੇ ਸੀ.ਡੀਜ਼ ਆਦਿ ਮੌਜੂਦ ਹਨ। ਇਸ ਸਕੀਮ ਅਧੀਨ ਦਾਖਲ ਹੋਣ ਵਾਲੇ ਸਾਰੇ ਸਿਖਿਆਰਥੀਆਂ ਲਈ ਇੰਟਰਨੈੱਟ ਸੁਵਿਧਾ ਵੀ ਉਪਲਬਧ ਹੋਵੇਗੀ।

ਸੈਂਟਰ ਆਫ ਐਕਸੀਲੈਂਸ ਅਧੀਨ ਆਉਣ ਵਾਲੀਆਂ ਸਾਰੀਆਂ ਸੰਸਥਾਵਾਂ ਦੇ ਅਲੱਗ-2 ਸੈਕਟਰ ਵਿਚ ਜੋ ਵਿਦਿਆਰਥੀ ਲੋੜੀਂਦੀ ਯੋਗਤਾ ਪੂਰੀ ਕਰਦੇ ਹਨ, ਨੂੰ ਦਾਖਲਾ ਲੈਣ ਲਈ ਸੱਦਾ ਦਿੱਤਾ ਜਾਂਦਾ ਹੈ। ਦਾਖਲਾ ਮੈਰਿਟ ਦੇ ਆਧਾਰ ਤੇ ਹੋਵੇਗਾ। ਦਾਖਲਾ ਲੈਣ ਦੇ ਚਾਹਵਾਨ ਸਿਖਿਆਰਥੀ ਸੈਂਟਰ ਆਫ ਐਕਸੀਲੈਂਸ ਅਧੀਨ ਸੰਸਥਾਵਾਂ ਦੇ ਪ੍ਰਿੰਸੀਪਲ/ ਮੁੱਖੀਆਂ ਨਾਲ ਉਪਰ ਦਿੱਤੇ ਗਏ ਪਤੇ ਤੇ ਸੰਪਰਕ ਕਰ ਸਕਦੇ ਹਨ। ਹਰੇਕ ਸੈਂਟਰ ਆਫ ਐਕਸੀਲੈਂਸ ਵਿਚ ਕੁਲ 96 ਸੀਟਾਂ ਉਪਲਬਧ ਹਨ।

# Performa for Admission Programme  Session 2009

Name of Institute............................................ Full Address.......................... E-mail ID................................................,  Phone No: .................

| Name of Trades | Sr No. | Trades | No. of unit approved/ Sanctioned Under | | Letter No. vide with date Affiliation granted. | | Total Sanctioned seats under | | Admission made Session 2008 | | Seats/units available for admission 2009 | | Remarks |
|---|---|---|---|---|---|---|---|---|---|---|---|---|---|
| | | | NCVT | SCVT | NCVT | SCVT | NCVT | SCVT | NCVT | SCVT | NCVT | SCVT | |
| **Engineering Trades** | | | | | | | | | | | | | |
| One Year Courses | 1 | | | | | | | | | | | | |
| | 2 | | | | | | | | | | | | |
| Two Year Courses | 1 | | | | | | | | | | | | |
| | 2 | | | | | | | | | | | | |
| **Non. Engineering Trades** | | | | | | | | | | | | | |
| | | | | | | | | | | | | | |
| One Year Courses | 1 | | | | | | | | | | | | |
| | 2 | | | | | | | | | | | | |
| One Year Courses | 1 | | | | | | | | | | | | |
| | 2 | | | | | | | | | | | | |

It is certified that information given above, regarding the data for which admission in session 2009 has been checked by me personally and is correct.

Principal / Head of the Institute
ITI / ITC...............................

Name of the Institute,
Full Adress

E-mail ID
Phone/ Mobile No:-
<u>Admission Position</u> - 2009-10

| Name of the Institute | District | Block | Sr. No. | Trade | Received total application | Sanctioned seats | Admitted seats | Vacant seats | Boys (Gen) | Girls (Gen) | Total (Gen) | Other state | Boys (SC) | Girls (SC) | Total (SC) | Backward classes | Backward areas | Border area | Sportsman | Freedom Ffighter | Disable | Ex – Service man | Para Military | Riots 1984 | Tsunami | Total |
|---|---|---|---|---|---|---|---|---|---|---|---|---|---|---|---|---|---|---|---|---|---|---|---|---|---|---|
| | | | | | | | | | | | | 15% | | | 25% | 5% | 2% | 2% | 2% | 1% | 3% | 1% | 2% | 2% | 1% | |
| | | | 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 | 15 | 16 | 17 | 18 | 19 | 20 | 21 | 22 | 23 | 24 |
| | | | | | | | | | | | | | | | | | | | | | | | | | | |
| | | | | | | | | | | | | | | | | | | | | | | | | | | |
| | | | | | | | | | | | | | | | | | | | | | | | | | | |
| | | | | | | | | | | | | | | | | | | | | | | | | | | |
| | | | | | | | | | | | | | | | | | | | | | | | | | | |
| | | | | | | | | | | | | | | | | | | | | | | | | | | |
| | | | | | | | | | | | | | | | | | | | | | | | | | | |
| | | | | | | | | | | | | | | | | | | | | | | | | | | |
| | | | | | | | | | | | | | | | | | | | | | | | | | | |

Signature